Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਜਨਵਰੀ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਸਾਹਿਬ-ਏ-ਕਮਾਲ, ਸਰਬੰਸਦਾਨੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਪ੍ਰਕਾਸ਼ ਸੰਨ 1666 ਈ: ਨੂੰ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦੇ ਗ੍ਰਿਹਿ ਸ੍ਰੀ ਪਟਨਾ ਸਾਹਿਬ ਵਿਖੇ ਹੋਇਆ। ਜਦੋਂ ਗੁਰੂ ਸਾਹਿਬ ਦਾ ਜਨਮ ਹੋਇਆ ਤਾਂ ਉਸ ਸਮੇਂ ਸੰਸਾਰ ਵਿਚ ਅਨਿਆਂ ਦਾ ਬੋਲਬਾਲਾ ਸੀ। ਆਪ ਜੀ ਦੇ ਜਨਮ ਸਮੇਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਸੰਗਤਾਂ ਨੂੰ ਦਰਸ਼ਨ ਦੇਣ ਲਈ ਬੰਗਾਲ ਪ੍ਰਾਂਤ (ਢਾਕਾ) ਵਿਖੇ ਜਾ ਰਹੇ ਸਨ ਅਤੇ ਬੱਚੇ ਦੇ ਜਨਮ ਦੀ ਖ਼ਬਰ ਮਿਲਦਿਆਂ ਸਾਰ ਹੀ ਆਪ ਜੀ ਨੇ ਸੰਦੇਸ਼ ਭੇਜ ਕੇ ਕਿਹਾ ਕਿ ਬਾਲਕ ਦਾ ਨਾਮ 'ਗੋਬਿੰਦ ਰਾਏ' ਰੱਖਿਆ ਜਾਵੇ। ਮਾਤਾ ਗੁਜਰੀ ਜੀ ਤੇ ਮਾਮਾ ਕ੍ਰਿਪਾਲ ਚੰਦ ਆਪ ਦਾ ਪੂਰਾ ਧਿਆਨ ਰੱਖ ਰਹੇ ਸਨ ਅਤੇ ਚਾਰ-ਪੰਜ ਸਾਲ ਆਪ ਪਟਨਾ ਵਿਖੇ ਹੀ ਰਹੇ। ਆਪ ਜੀ ਨੇ ਬਿਹਾਰੀ ਬੋਲੀ ਬਚਪਨ ਦੇ ਸਾਥੀਆਂ ਕੋਲੋਂ ਤੇ ਦਾਦੀ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਤੋਂ ਆਪ ਨੇ ਪੰਜਾਬੀ ਬੋਲੀ ਸਿਖੀ।

ਜਦੋਂ ਆਪ ਜੀ ਥੋੜ੍ਹੇ ਵੱਡੇ ਹੋਏ ਤਾਂ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕਿਨਾਰੇ ਬੱਚਿਆਂ ਦੀਆਂ ਦੋ ਢਾਣੀਆਂ ਬਣਾ ਕੇ ਲੜਾਈ ਲੜਨ ਦੀ ਖੇਡ ਖੇਡਦੇ। ਬਾਲ ਉਮਰ ਵਿਚ ਹੀ ਆਪ ਤੀਰਅੰਦਾਜ਼ੀ ਦੇ ਮਾਹਿਰ ਬਣ ਗਏ ਸਨ।

ਪਿਤਾ ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਵਾਰ ਬਾਲ ਗੋਬਿੰਦ ਰਾਇ ਨੂੰ ਵੇਖਿਆ ਤਾਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਥੋੜ੍ਹੀ ਦੇਰ ਪਟਨਾ ਰੁਕਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਨੂੰ ਵਾਪਿਸ ਆ ਗਏ। ਗੁਰੂ ਤੇਗ ਬਹਾਦਰ ਜੀ ਨੇ ਜਦ ਪੰਜਾਬ ਦੀ ਹੋਰ ਵਿਗੜਦੀ ਦਸ਼ਾ ਦੇਖੀ ਤਾਂ ਪਰਿਵਾਰ ਨੂੰ ਵਾਪਿਸ ਆਪਣੇ ਕੋਲ ਬੁਲਾਉਣਾ ਹੀ ਠੀਕ ਸਮਝਿਆ ਤਾਂ ਕਿ ਬਾਲਕ ਗੋਬਿੰਦ ਰਾਇ ਦੀ ਸਿੱਖਿਆ ਹੁਣ ਉਹਨਾਂ ਦੀ ਆਪਣੀ ਦੇਖ-ਰੇਖ ਵਿਚ ਹੋ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ 9 ਸਾਲ ਦੀ ਉਮਰ ਤੱਕ ਅਰਬੀ, ਫਾਰਸੀ, ਸੰਸਕ੍ਰਿਤ ਤੇ ਹੋਰ ਕਈ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ 9 ਸਾਲ ਦੀ ਉਮਰ ਵਿਚ ਆਪ ਨੇ ਆਪਣੇ ਪਿਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮਨੁੱਖਤਾ ਦੀ ਰੱਖਿਆ ਲਈ ਸ਼ਹਾਦਤ ਦੇਣ ਲਈ ਦਿੱਲੀ ਵੱਲ ਤੋਰਿਆ ਤਾਂ ਜੋ ਮਨੁੱਖਤਾ ਅੰਦਰ ਡਰ ਖਤਮ ਕੀਤਾ ਜਾਵੇ ਅਤੇ ਮੁਰਦਾ ਹੋ ਚੁੱਕੀ ਕੌਮ ਵਿਚ ਨਵੀਂ ਰੂਹ ਫੂਕੀ ਜਾਵੇ। ਗੁਰੂ ਸਾਹਿਬ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਿਰਜਣਾ ਕਰਕੇ ਅਜਿਹੇ ਮਰਜੀਵੜਿਆਂ ਦੀ ਕੌਮ ਪੈਦਾ ਕਰਕੇ ਜ਼ੁਲਮ ਵਿਰੁੱਧ ਡਟਣ ਦੀ ਭਾਵਨਾ ਪੈਦਾ ਕਰ ਦਿੱਤੀ। ਖ਼ਾਲਸਾ ਪੰਥ ਦੀ ਸਿਰਜਣਾ ਕਰਨ ਸਮੇ ਆਪ ਨੇ ਪੰਜ ਪਿਆਰਿਆਂ ਨੂੰ ਇੱਕੋ ਹੀ ਬਾਟੇ ਵਿਚ ਅੰਮ੍ਰਿਤ ਛਕਾ ਕੇ ਊਚ-ਨੀਚ ਦਾ ਭੇਦ ਮਿਟਾ ਕੇ ਗਿੱਦੜਾਂ ਤੋਂ ਸ਼ੇਰ ਬਣਾਇਆ। ਇਥੇ ਹੀ ਬਸ ਨਹੀਂ ਸਗੋਂ ਆਪ ਵੀ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਉਨ੍ਹਾਂ ਨੇ ਗੁਰੂ ਚੇਲੇ ਦਾ ਭੇਦ ਭਾਵ ਮਿਟਾ ਦਿੱਤਾ। ਸਦੀਆਂ ਤੋਂ ਬੁਜ਼ਦਿਲ ਸਮਝੇ ਜਾਂਦੇ ਲੋਕਾਂ ਨੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਦੁਸ਼ਮਣਾਂ ਨੂੰ ਜੰਗ ਵਿਚ ਕਰਾਰੀ ਮਾਤ ਦਿੱਤੀ ਜਿਸ ਨਾਲ ਅੱਤਿਆਚਾਰੀ ਮੁਗਲ ਸ਼ਾਸਨ ਦੀਆਂ ਜੜ੍ਹਾਂ ਹਿਲ ਗਈਆਂ।

ਗੁਰੂ ਸਾਹਿਬ ਜੀ ਨੇ ਕੇਵਲ ਜੰਗ ਵਿਚ ਸਿੰਘਾਂ ਨੂੰ ਹੀ ਸ਼ਹੀਦ ਨਹੀਂ ਕਰਵਾਇਆ ਬਲਕਿ ਆਪਣੇ ਸ਼ਾਹਿਬਜ਼ਾਦਿਆਂ, ਮਾਤਾ ਜੀ ਤੇ ਪਿਤਾ ਜੀ ਦੀ ਸ਼ਹੀਦੀ ਦੇ ਕੇ ਸਰਬੰਸਦਾਨੀ ਦਾ ਰੁਤਬਾ ਪ੍ਰਾਪਤ ਕੀਤਾ ਤੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ।

ਗੁਰੂ ਸਾਹਿਬ ਨੇ ਆਪਣੀ ਬਾਣੀ ਅੰਦਰ ਮਨੁੱਖ ਨੂੰ ਖਾਲਸ ਜੀਵਨ ਜੀਉਣ ਦਾ ਮਾਰਗ ਦਰਸਾਇਆ ਹੈ। ਅਨੇਕਤਾ ਦੀ ਥਾਂ ਏਕਤਾ ਦਾ ਪਾਠ ਆਪ ਜੀ ਦੇ ਉਪਦੇਸ਼ਾਂ ਵਿਚੋਂ ਪ੍ਰਬਲ ਰੂਪ ਵਿਚ ਉਜਾਗਰ ਹੁੰਦਾ ਹੈ।

ਆਓ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦੇ ਹੋਏ, ਉਨ੍ਹਾਂ ਵੱਲੋਂ ਬਖਸ਼ੀ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਆਪਣੇ ਜੀਵਨ ਨੂੰ ਸਫਲਾ ਕਰੀਏ !


ਹਰਭਜਨ ਸਿੰਘ

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ


**Chief Editor**
**Er. Harbhajan Singh**
Dy. C.E. (Retd.) President
M.: 98140-62091

**Addl. Chief Editor**
**Er. Parminderjit Singh**
M.: 99153-57524

**Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Co-Editor**
**S. Surinder Singh Ruby ETO (Retd.)**
M.: 98141-28181

## Advisors

1. S. Naginderjit Singh (Legal Advisor) Session Judge (Retd.), M.: 98159-02643
2. S. Narinder Singh, PES (Retd.) M.: 98555-34236
3. S. Mohinder Singh, DSP (Retd.) M.: 98144-74535
4. Dr. Preet Mohinder Pal Singh M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ ॥**
**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**

ਮਾਘਿ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 25-01-2024 (ਵੀਰਵਾਰ)**
**ਸੰਗਰਾਂਦ - 14-01-2024 (ਐਤਵਾਰ)**
**ਮੱਸਿਆ - 11-01-2024 (ਵੀਰਵਾਰ)**

## ਤਤਕਰਾ

ਜਿਲਦ ਨੰ. 41 | ਅੰਕ - 127 | ਜਨਵਰੀ - 2024


1. ਖੁਸ਼-ਆਮਦੀਦ ਸਾਲ 2024 4
2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸਮਾਜ ਨੂੰ ਦੇਣ 5
3. ਪੰਜਾਬ ਦਾ ਇਤਿਹਾਸ-2 8
4. ਖਿਦਰਾਣੇ ਦੀ ਢਾਬ ਤੋਂ ਮੁਕਤਸਰ 12
5. ਸ਼ਹੀਦ ਬਾਬਾ ਦੀਪ ਸਿੰਘ ਜੀ 13
6. ਗੁਰ ਸਾਗਰ ਦੇ ਸੁੱਚੇ ਮੋਤੀ 15
7. ਦਸੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 16
8. ਖੁਸ਼ੀਆਂ ਤੇ ਚਾਵਾਂ ਦਾ ਤਿਉਹਾਰ ਲੋਹੜੀ 18
9. ਜੀਵਨ ਵਿਕਾਸ - ਇਕ ਸੰਘਰਸ਼ 19
10. ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ 20
11. ਅਪਾਹਜ 22
12. ਆਓ ਜਾਣੀਏ! 23
13. ਸਿਹਤ ਸੰਭਾਲ 24
14. ਸ਼ੋਕ ਸਮਾਚਾਰ 25
15. ਸ਼ੋਕ ਸਮਾਚਾਰ 27
16. ਕਾਵਿ-ਕਿਆਰੀ 29
17. ਸ਼ਬਦਾਂ ਦੇ ਸੰਜੋਗ 31
18. पंजाब : सिक्खों का हिंदोस्तान को तोहफा 32
19. Application Form 36
20. Matrimonial 40
21. ਦਾਨੀ ਸੱਜਣਾਂ ਦੀ ਸੂਚੀ 41


**'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।**


**Printed & Published by Harbhajan Singh for Baba Makhan Shah Lobana Foundation (Regd.) Sector 30-A, Chandigarh.**

**Computer Designing - Walia Enterprises, M.: 98153-78692**

# ਖੁਸ਼-ਆਮਦੀਦ ਸਾਲ 2024

ਅਲਵਿਦਾ ਸਾਲ 2023 ! ਖੁਸ਼-ਆਮਦੀਦ ਨਵਾਂ ਸਾਲ 2024 ! ਇਹ ਸ਼ਬਦ ਜਿਥੇ ਆਉਣ ਵਾਲੇ ਸਮੇਂ ਲਈ ਆਸ ਭਰਪੂਰ ਹੁੰਗਾਰਾ ਹਨ, ਉਥੇ ਬੀਤੇ ਵਰ੍ਹੇ ਦੀਆਂ ਖੱਟੀਆਂ-ਮਿੱਠੀਆਂ ਅਤੇ ਕੌੜੀਆਂ-ਕਸੈਲੀਆਂ ਯਾਦਾਂ ਨੂੰ ਵੀ ਸਮੋਈ ਬੈਠੇ ਹਨ। ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਹੀ ਬੀਤੇ ਸਾਲ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਬੀਤੇ ਵਰ੍ਹੇ 2023 ਵਿਚ ਬਹੁਤ ਸਾਰੇ ਸੱਜਣ-ਮਿੱਤਰ ਅਤੇ ਪਰਿਵਾਰਕ ਮੈਂਬਰ ਸਾਨੂੰ ਸਦਾ ਲਈ ਵਿਛੋੜਾ ਦੇ ਗਏ। ਜਿਨ੍ਹਾਂ ਦਾ ਦੁਖ ਅਸਹਿ ਹੈ। ਬਹੁਤ ਸਾਰੇ ਨਵੇਂ ਮਿੱਤਰ ਵੀ ਬਣੇ ਜਿਨ੍ਹਾਂ ਦੀ ਸਾਨੂੰ ਖੁਸ਼ੀ ਹੈ। ਪੁਰਾਣੇ ਸਮੇਂ ਵਿਚ ਨਵੇਂ ਸਾਲ ਦੇ ਪਹਿਲੇ ਦਿਨ ਨੂੰ ਪਵਿੱਤਰ ਦਿਨ ਮੰਨਿਆ ਜਾਂਦਾ ਸੀ। ਲੋਕ ਧਾਰਮਿਕ ਸਥਾਨਾਂ, ਮੰਦਰਾਂ, ਮਸਜਿਦਾਂ, ਚਰਚਾਂ ਅਤੇ ਗੁਰਦੁਆਰਿਆਂ ਵਿਚ ਜਾ ਕੇ ਸਰਬੱਤ ਦੇ ਭਲੇ ਅਤੇ ਚੰਗੇ ਕਰਮਾਂ ਲਈ ਅਰਦਾਸ ਕਰਦੇ ਸਨ। ਪਿਛਲੇ ਵਰ੍ਹੇ ਵਾਂਗ ਸਾਲ 2023 ਵੀ ਬਹੁਤ ਸਾਰੀਆਂ ਖੱਟੀਆਂ ਮਿੱਠੀਆਂ ਅਭੁੱਲ ਤੇ ਅਮਿਟ ਯਾਦਾਂ ਛੱਡ ਕੇ ਇਤਿਹਾਸ ਬਣ ਗਿਆ ਹੈ। ਇਕ ਵਾਰ ਫਿਰ ਨਵਾਂ ਸਾਲ 2024 ਸਾਡੇ ਲਈ ਨਵੇਂ ਸੰਕਲਪ, ਨਵੀਂ ਸੋਚ, ਨਵੀਂ ਆਸ਼ਾ ਅਤੇ ਨਵੀਂ ਤਾਜ਼ਗੀ ਭਰਨ ਆ ਗਿਆ ਹੈ। ਸਾਨੂੰ ਬੀਤੇ ਵਰ੍ਹੇ ਦੀਆਂ ਅਭੁੱਲ ਯਾਦਾਂ ਨੂੰ ਮਨੋ ਵਿਸਾਰ ਕੇ ਅਤੇ ਉਨ੍ਹਾਂ ਤੋਂ ਸਬਕ ਲੈਂਦੇ ਹੋਏ ਨਵੇਂ ਸਾਲ 2024 ਦਾ ਖਿੜੇ ਮੱਥੇ ਸਵਾਗਤ ਕਰਨਾ ਚਾਹੀਦਾ ਹੈ।

ਅੱਜ ਅਸੀਂ ਤਕਨੀਕ, ਵਿਗਿਆਨ ਅਤੇ ਕੰਪਿਊਟਰ ਦੇ ਯੁੱਗ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਦਹਾਕਿਆਂ ਦੇ ਇਸ ਸਫ਼ਰ ਨੇ ਬਹੁਤ ਕੁਝ ਬਦਲ ਦਿੱਤਾ ਹੈ। ਬਹੁਤ ਕੁਝ ਨਵਾਂ ਉਸਾਰਿਆ ਜਾ ਚੁੱਕਾ ਹੈ। ਸਮਾਜਿਕ ਤੌਰ 'ਤੇ ਸਾਡੇ ਅੰਦਰ ਕਿੰਨੀ ਕੁ ਪਰਪੱਕਤਾ ਆਈ ਹੈ, ਅਸੀਂ ਆਪਣੀ ਸੋਚ ਦਾ ਘੇਰਾ ਕਿੰਨਾ ਕੁ ਚੌੜਾ ਕਰ ਸਕੇ ਹਾਂ, ਇਹ ਵੇਖਣ ਸਮਝਣ ਵਾਲੀ ਗੱਲ ਹੈ।

ਅਸੀਂ ਆਪਣੇ ਦਿਲ ਵਿਚੋਂ ਈਰਖਾ, ਨਫ਼ਰਤ ਅਤੇ ਹਉਮੈ ਨੂੰ ਕੱਢ ਕੇ ਮਨ ਵਿਚ ਪੈਦਾ ਹੋਈਆਂ ਭੈੜੀਆਂ ਭਾਵਨਾਵਾਂ ਅਤੇ ਭੁਲੇਖੇ ਦੂਰ ਕਰ ਕੇ ਨਿਰਮਲ ਮਨ ਨਾਲ ਨਵੇਂ ਸਾਲ ਦੀਆਂ ਸੱਚੀਆਂ ਖ਼ੁਸ਼ੀਆਂ ਮਾਣ ਸਕਦੇ ਹਾਂ। ਨਵੇਂ ਸਾਲ ਮੌਕੇ ਸਾਨੂੰ ਆਪਣੇ ਆਪ ਨਾਲ ਇਹ ਵਾਅਦਾ ਕਰਨਾ ਚਾਹੀਦਾ ਹੈ ਕਿ ਅਸੀਂ ਸਾਰੀ ਮਾਨਵਤਾ ਨੂੰ ਆਦਰ-ਸਤਿਕਾਰ, ਪਿਆਰ ਅਤੇ ਖੁਸ਼ੀਆਂ ਵੰਡਦੇ ਹੋਏ ਸਾਰਿਆਂ ਦਾ ਖਿਆਲ ਰੱਖਾਂਗੇ। ਅਸੀਂ ਆਪਣੇ ਅੰਦਰ ਮਿਹਨਤ, ਹਿੰਮਤ, ਪਿਆਰ, ਲਗਨ, ਹੌਂਸਲਾ, ਦ੍ਰਿੜਤਾ, ਆਦਰ-ਸਤਿਕਾਰ ਆਦਿ ਗੁਣ ਪੈਦਾ ਕਰਾਂਗੇ। ਅਸੀਂ ਬਿਨਾਂ ਕਿਸੇ ਵਿਤਕਰੇ ਦੇ ਸਭ ਨਾਲ ਪਿਆਰ, ਇਮਾਨਦਾਰੀ, ਬੋਲ ਪੁਗਾਉਣੇ, ਗਿਲੇ ਸ਼ਿਕਵੇ ਨਾ ਕਰਨੇ, ਵਾਤਾਵਰਨ ਦੀ ਸਾਂਭ-ਸੰਭਾਲ, ਮਿੱਠੀ ਬੋਲਬਾਣੀ ਆਦਿ ਜੀਵਨ ਦੀਆਂ ਉਚੇਰੀਆਂ ਕਦਰਾਂ-ਕੀਮਤਾਂ ਪੈਦਾ ਕਰਾਂਗੇ।

ਜੇ ਅਸੀਂ ਸੰਸਾਰ ਦੇ ਭਲਾਈ ਕਾਰਜਾਂ ਵਿਚ ਨਿਰੰਤਰ ਰੁੱਝੇ ਹੋਏ ਹਾਂ ਤਾਂ ਅਸੀਂ ਹਰ ਰੋਜ਼ ਨਵੇਂਪਨ, ਜੋਸ਼ ਅਤੇ ਉਤਸ਼ਾਹ ਨੂੰ ਅਨੁਭਵ ਕਰਦੇ ਹਾਂ। ਸਾਨੂੰ ਅਜੋਕੇ ਸਮੇਂ ਦੀ ਚੰਗੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਕੱਲ੍ਹ ਨੂੰ ਨਹੀਂ ਬਲਕਿ ਅੱਜ ਤੋਂ ਹੀ ਚੰਗੇ ਕੰਮ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਸਾਨੂੰ ਦੁਨੀਆਂ ਨੂੰ ਪਿਆਰ ਅਤੇ ਖੁਸ਼ੀ ਨਾਲ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਅਜਿਹਾ ਕੋਈ ਕੰਮ ਨਹੀ ਕਰਨਾ ਚਾਹੀਦਾ ਜਿਸ ਨਾਲ ਭਾਈਚਾਰਕ ਸਾਂਝ ਖਰਾਬ ਹੋਵੇ।

ਬੀਤੇ ਵਰ੍ਹੇ ਦੀਆਂ ਕੌੜੀਆਂ ਯਾਦਾਂ ਨੂੰ ਭੁਲਾ ਕੇ ਨਵੇਂ ਸਿਰੇ ਤੋਂ ਨਵੇਂ ਸਾਲ ਦੀ ਸ਼ੁਰੂਆਤ 'ਚ ਨਵੀਂ ਸ਼ਕਤੀ ਪੈਦਾ ਕਰਕੇ ਬੀਤੇ ਸਾਲ ਦੀਆਂ ਅਧੂਰੀਆਂ ਇੱਛਾਵਾਂ ਅਤੇ ਸੰਕਲਪਾਂ ਨੂੰ ਪੂਰਾ ਕਰੀਏ। ਆਉ, ਮਿਲ ਕੇ ਇਕ ਵਾਰ ਫ਼ਿਰ ਬਦਲਦੇ ਹਾਲਤਾਂ ਨਾਲ ਆਪਣੇ ਕਦਮ ਮਿਲਾਉਂਦੇ ਹੋਏ ਨਵੇਂ ਸਾਲ 2024 ਨੂੰ ਜੀ ਆਇਆ ਕਹੀਏ।

**ਹਰਭਜਨ ਸਿੰਘ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸਮਾਜ ਨੂੰ ਦੇਣ



ਸੰਪਾਦਕ
ਭਗਵਾਨ ਸਿੰਘ
ਲੁਬਾਣਾ
98155-40240



ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਸੰਤ ਸਿਪਾਹੀ ਸਨ, ਇਕ ਇਨਕਲਾਬੀ ਯੋਧਾ ਸਨ। ਉਨ੍ਹਾਂ ਪਹਿਲੇ ਨੌਂ ਗੁਰੂ ਸਾਹਿਬਾਨ ਵਾਂਗ ਜਿੱਥੇ ਸਾਂਝੀਵਾਲਤਾ, ਨਾਮ ਜਪਣ, ਇਕ ਸੱਚਾ ਸੁੱਚਾ ਜੀਵਨ ਬਿਤਾਉਣ ਦਾ ਸੰਦੇਸ਼ ਦਿਤਾ, ਉਥੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਹਿੰਦੁਸਤਾਨ ਦੇ ਇਤਿਹਾਸ ਦਾ ਰੁਖ਼ ਮੋੜ ਦਿੱਤਾ, ਇਕ ਨਿਤਾਣੀ ਹੋ ਚੁੱਕੀ ਭਾਰਤੀ ਕੌਮ ਵਿਚ ਅਜਿਹਾ ਜਜ਼ਬਾ ਭਰਿਆ ਕਿ ਚਿੜੀਆਂ ਨੂੰ ਬਾਜ਼ਾਂ ਨਾਲ, ਸਵਾ ਲੱਖ ਨਾਲ ਇਕ ਖਾਲਸਾ ਲੜਾ ਕੇ ਭਾਰਤੀ ਸਮਾਜ ਦਾ ਮੂੰਹ ਮੁਹਾਂਦਰਾ ਬਦਲ ਕੇ ਰੱਖ ਦਿੱਤਾ। ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਨਾ ਧਾਰਦੇ ਤਾਂ ਅੱਜ ਹਿੰਦੁਸਤਾਨ ਦਾ ਇਤਿਹਾਸ ਅਤੇ ਇਸ ਦਾ ਭੂਗੋਲਿਕ ਨਕਸ਼ਾ ਹੋਰ ਹੁੰਦਾ, ਭਾਰਤੀਆਂ ਦਾ ਧਾਰਮਿਕ, ਇਤਿਹਾਸਿਕ ਤੇ ਸੱਭਿਆਚਾਰਕ ਵਿਰਸਾ ਹੋਰ ਹੁੰਦਾ।

ਇਸ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਦੇ ਹਿੰਦੁਸਤਾਨ ਦੀ ਸਥਿਤੀ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ। ਇਸ ਬਾਰੇ ਨਾਮਵਰ ਆਰੀਆ ਸਮਾਜੀ ਵਿਦਵਾਨ ਲਾਲਾ ਦੌਲਤ ਰਾਏ ਦੀ ਖੋਜ ਭਰਪੂਰ ਲਿਖਤ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ" ਅਨੁਸਾਰ ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਸਮੇਂ ਰੱਖੀ। ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਤੋਂ ਲੱਗਭਗ 350 ਵਰ੍ਹੇ ਪਹਿਲਾਂ ਹੀ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕੇ ਇਸਲਾਮੀ ਹਕੂਮਤ ਅਧੀਨ ਆ ਚੁੱਕੇ ਸਨ। ਮੁਸਲਮਾਨਾਂ ਨੂੰ ਕਿਹੜੀਆਂ ਗੱਲਾਂ ਨੇ ਸੋਨੇ ਦੀ ਚਿੜੀ ਕਹੇ ਜਾਣ ਵਾਲੇ ਹਿੰਦੁਸਤਾਨ ਵਿਚ ਆਉਣ ਲਈ ਪ੍ਰੇਰਿਆ ਦਾ ਜ਼ਿਕਰ ਕਰਦਿਆਂ ਉਹ ਜ਼ਾਤ-ਪਾਤ ਤੇ ਊਚ-ਨੀਚ ਦੇ ਵਖਰੇਵੇਂ, ਭਰਮ, ਵਹਿਮ, ਇਖਲਾਕੀ ਕਦਰਾਂ ਕੀਮਤਾਂ ਵਿਚ ਆਏ ਨਿਘਾਰ ਆਦਿ ਬਾਰੇ ਲਿਖਦੇ ਹਨ, "ਮਨੂੰ ਤੇ ਮਹਾਂਭਾਰਤ ਦੇ ਜ਼ਮਾਨੇ ਪਿੱਛੋਂ ਹਿੰਦੂ ਧਰਮ ਵਿਚ ਭਾਰੀ ਤਬਦੀਲੀ ਆਈ। ਹਿੰਦੂ ਕੌਮ ਦੀ ਏਕਤਾ ਨਾ ਰਹੀ। ਉਨ੍ਹਾਂ ਦਾ ਕੌਮੀ ਤਾਣਾ-ਬਾਣਾ ਲੀਰੋ-ਲੀਰ ਹੋ ਗਿਆ। ਕੌਮੀ ਮਾਲਾ ਦੇ ਮਣਕੇ ਖੇਰੂੰ-ਖੇਰੂੰ ਹੋ ਗਏ। ਜ਼ਾਤੀ ਭੇਦ ਤੇ ਵਿਤਕਰਾ ਇਤਨਾ ਵਧਿਆ ਕਿ ਹਰੇਕ ਫਿਰਕਾ ਨਾ ਕੇਵਲ ਇਕ ਦੂਜੇ ਤੋਂ ਅੱਡ ਹੋ ਕੇ ਢਾਈ ਚੌਲਾਂ ਦੀ ਖਿਚੜੀ ਵੱਖ-ਵੱਖ ਪਕਾਉਣ ਲੱਗਿਆ, ਸਗੋਂ ਇਕ-ਦੂਜੇ ਦੇ ਵਿਰੋਧੀ ਹੋ ਕੇ ਆਪਸ ਵਿਚ ਖਹਿਣ ਤੇ ਇਕ ਦੂਜੇ ਨੂੰ ਉਜਾੜਣ ਲੱਗ ਪਏ।"

ਉਹ ਲਿਖਦੇ ਹਨ ਕਿ "ਸਾਫ ਸਪਸ਼ਟ ਹੈ ਕਿ ਕਮਜ਼ੋਰ ਤੇ ਗਰੀਬ ਹਮੇਸ਼ਾਂ ਜਬਰ-ਜੰਗ ਤੇ ਤਾਕਤ ਦੇ ਮਾਲਕ ਦਾ ਗੋਲਾ ਹੀ ਹੁੰਦਾ ਹੈ। ਇਸੇ ਕਰ ਕੇ ਹੀ ਮੁਸਲਮਾਨ ਜੇਤੂਆਂ ਨੇ ਆਪਣਾ ਮੂੰਹ ਹਿੰਦੁਸਤਾਨ ਵੱਲ ਕੀਤਾ ਅਤੇ ਸਿੱਟਾ ਵੀ ਉਹੀ ਨਿਕਲਿਆ ਜਿਸ ਦੀ ਅਜਿਹੀ ਹਾਲਤ ਵਿਚ ਆਸ ਹੁੰਦੀ ਹੈ। ਇਸਲਾਮੀ ਤਲਵਾਰ ਨੇ ਆਖਰ ਹਿੰਦੂਆਂ ਨੂੰ ਗ਼ੁਲਾਮ ਬਣਾ ਲਿਆ। ਉਨ੍ਹਾਂ ਦੀ ਬਚੀ-ਖੁਚੀ ਤਾਕਤ ਖੇਰੂੰ-ਖੇਰੂੰ ਕਰ ਦਿੱਤੀ। ਜਿੰਨਾ ਵੀ ਹੋ ਸਕਿਆ, ਮੁਸਲਮਾਨਾਂ ਨੇ ਉਨ੍ਹਾਂ ਨੂੰ ਜ਼ਲੀਲ ਤੇ ਖੁਆਰ ਕੀਤਾ। ਉਨ੍ਹਾਂ ਦੀ ਸ਼ਰਮ ਤੇ ਹਯਾ ਨੂੰ ਬਰਬਾਦ ਕੀਤਾ। ਇੱਜ਼ਤ ਦੌਲਤ ਲੁੱਟੀ ਤੇ ਆਪਣੇ ਕਬਜ਼ੇ ਵਿਚ ਕੀਤੀ। ਗ਼ੁਲਾਮੀ ਦਾ ਪਟਾ ਉਨ੍ਹਾਂ ਦੇ ਗਲੇ ਵਿਚ ਐਸਾ ਪਾਇਆ, ਜਿਸ ਨੂੰ ਉਹ ਫਿਰ ਕਦੇ ਵੀ ਆਪਣੇ ਗਲੇ ਵਿੱਚੋਂ ਲਾਹ ਨਾ ਸਕੇ। ਮੁੱਕਦੀ ਗੱਲ ਇਹ ਕਿ ਮੁਸਲਮਾਨ ਜੇਤੂ, ਹਿੰਦੁਸਤਾਨ ਦੇ ਕਰਤਾ ਧਰਤਾ ਤੇ ਐਸੇ ਮਾਲਕ ਬਣੇ, ਜਿਵੇਂ ਕਿ ਮਨੁੱਖ ਪਸ਼ੂਆਂ ਦੇ ਮਾਲਕ ਹੁੰਦੇ ਹਨ।"

"ਇਸਲਾਮ ਦੇ ਮੁੱਢਲੇ ਜੇਤੂਆਂ ਨੇ ਮਜ਼ਹਬੀ ਜੋਸ਼ ਵਿਚ ਬੜੇ ਜ਼ੁਲਮ ਕੀਤੇ। ਉਨ੍ਹਾਂ ਉਪਰ ਬੜੀਆਂ ਬੇਸ਼ਰਮ ਤੇ ਸੱਭਿਅਤਾਹੀਣ ਵਧੀਕੀਆ ਕੀਤੀਆਂ। ਹਿੰਦੂਆਂ ਦੇ ਧਾਰਮਿਕ ਅਸਥਾਨਾਂ ਤੇ ਮੰਦਰਾਂ ਦੀ ਨਾ ਕੇਵਲ ਪਵਿੱਤ੍ਰਤਾ ਹੀ ਭੰਗ ਕੀਤੀ, ਸਗੋਂ ਉਨ੍ਹਾਂ ਨੂੰ ਲੁੱਟਿਆ, ਮੂਰਤੀਆਂ ਤੋੜੀਆਂ ਤੇ ਉਨ੍ਹਾਂ ਦਾ ਖੁਰਾ ਖੋਜ ਮਿਟਾ ਦਿੱਤਾ। ਉਨ੍ਹਾਂ ਦੀ ਥਾਂ 'ਤੇ ਮਸਜਿਦਾਂ ਬਣਾ ਦਿੱਤੀਆਂ। ਉਨ੍ਹਾਂ ਹਿੰਦੂਆਂ ਦਾ ਕੇਵਲ ਧਨ, ਦੌਲਤ ਤੇ ਗਹਿਣਾ-ਗੱਟਾ ਹੀ ਨਹੀਂ ਲੁੱਟਿਆ, ਸਗੋਂ ਉਨ੍ਹਾਂ ਦੇ ਘਰ ਤੇ ਮੁਹੱਲੇ ਸਾੜ ਫੂਕ ਕੇ ਸੁਆਹ ਕਰ ਦਿੱਤੇ। ਨਾ ਕੇਵਲ ਹਿੰਦੂ ਇਸਤਰੀਆਂ ਦੀ ਇੱਜ਼ਤ ਹੀ ਲੁੱਟੀ, ਸਗੋਂ ਹਜ਼ਾਰਾਂ ਲੱਖਾਂ ਨੂੰ ਕਤਲ ਕਰ ਕੇ ਹਮੇਸ਼ਾਂ ਦੀ ਨੀਂਦ ਸੁਲਾ ਦਿੱਤਾ। ਅਣਗਿਣਤ ਨਰ-ਨਾਰੀ, ਬੱਚੇ, ਜੁਆਨ ਤੇ ਬੁੱਢੇ ਕਤਲ ਕੀਤੇ। ਅਨੇਕਾਂ ਔਰਤਾਂ ਨੂੰ ਗ਼ੁਲਮ ਬਣਾਇਆ ਤੇ ਗ਼ਜ਼ਨੀ ਦੇ ਬਜ਼ਾਰਾਂ ਵਿਚ ਲਿਜਾ ਕੇ ਕੇਵਲ ਟੱਕੇ-ਟੱਕੇ ਤੋਂ ਨਿਲਾਮ ਕੀਤਾ ਤੇ ਵੇਚਿਆ। ਹਿੰਦੂਆਂ ਨੂੰ ਜਬਰੀ ਗ਼ੁਲਾਮ ਬਣਾਇਆ। ਉਨ੍ਹਾਂ ਦੀਆਂ ਔਰਤਾਂ ਖੋਹ ਕੇ, ਉਨ੍ਹਾਂ ਨਾਲ ਨਿਕਾਹ ਪੜ੍ਹਾ ਕੇ ਆਪਣੇ ਮਹਿਲਾਂ ਦੀ ਰੌਣਕ ਵਧਾਈ।" ਜਿਹੜਾ ਵੀ ਮੁਸਲਮਾਨਾਂ ਦਾ ਫਿਰਕਾ ਜਾਂ ਖ਼ਾਨਦਾਨ ਇਕ ਦੂਜੇ ਦੇ ਮਗਰੋਂ ਆਇਆ, ਸਾਰਿਆਂ ਨੇ ਹੀ ਹਿੰਦੂਆਂ ਨਾਲ ਇਹੋ ਜਿਹਾ ਹੀ ਵਿਤਕਰੇ ਤੇ ਜ਼ੁਲਮ-ਭਰਿਆ ਸਲੂਕ ਜਾਰੀ ਰੱਖਿਆ। ਇਹੋ ਜਿਹੇ ਹਾਲਾਤ ਵਿਚ ਇਹ ਕੁਦਰਤੀ ਗੱਲ ਸੀ ਕਿ ਜੇਤੂਆਂ ਤੇ ਹਾਰਿਆਂ ਹੋਇਆਂ ਵਿਚ ਘਿਰਣਾ ਵਧੇ। ਸਿੱਟੇ ਵਜੋਂ ਦੋਹਾਂ ਵਿਚ ਅਤਿਅੰਤ ਨਫ਼ਰਤ ਤੇ ਦੁਸ਼ਮਣੀ ਪੈਦਾ ਹੋਈ, ਜੋ ਅੱਜ ਤਕ ਵੀ ਜਾਰੀ ਹੈ।

ਮਹਿਮੂਦ ਨੇ ਹਿੰਦੂਆਂ ਦੇ ਮੰਦਰਾਂ ਨੂੰ ਲੁੱਟਿਆ, ਉਨ੍ਹਾਂ ਦੇ ਦੇਵਤਿਆਂ ਦੀ ਬੇਇੱਜ਼ਤੀ ਕੀਤੀ, ਮੂਰਤੀਆਂ ਭੰਨੀਆਂ ਅਤੇ ਹਿੰਦੂਆਂ ਨੂੰ ਦਿਲ ਖੋਲ੍ਹ ਕੇ ਲੁੱਟਿਆ। ਇਸ ਤੋਂ ਪਹਿਲਾਂ ਮੁਹੰਮਦ ਕਾਸਮ ਨੇ ਹਿੰਦੂਆਂ ਨੂੰ ਉਕਾ ਹੀ ਬਰਬਾਦ ਕਰ ਕੇ ਰਾਜਾ ਦਾਹਿਰ ਵਾਲੀਏ ਸਿੰਧ ਦੀਆਂ ਦੋ ਧੀਆਂ ਅਤੇ ਹੋਰ ਅਨੇਕਾਂ ਇਸਤਰੀਆਂ ਨੂੰ ਕੈਦ ਕਰ ਕੇ ਬਗ਼ਦਾਦ ਵਿਚ, ਜਿੱਥੋਂ ਦਾ ਉਹ ਆਪ ਰਹਿਣ ਵਾਲਾ ਸੀ, ਖ਼ਲੀਫ਼ੇ ਦੇ ਮਹਿਲਾਂ ਵਿਚ ਦਾਖ਼ਲ ਕੀਤਾ। ਕੁਤਬਦੀਨ ਨੇ ਮੇਰਠ ਦੇ ਸਾਰੇ ਮੰਦਰਾਂ ਤੇ ਬੁੱਤਾਂ ਨੂੰ ਤੋੜਿਆ ਤੇ ਉਨ੍ਹਾਂ ਦੀ ਥਾਂ ਮਸਜਿਦਾਂ ਉਸਾਰੀਆਂ। ਜਿਸ ਨੇ ਵੀ ਇਸਲਾਮ ਕਬੂਲ ਕਰਨ ਤੋਂ ਇਨਕਾਰ ਕੀਤਾ, ਉਸ ਨੂੰ ਮੌਤ ਦੀ ਨੀਂਦ ਸੁਲਾ ਦਿਤਾ। ਕੇਵਲ ਇਕ ਕਾਲੰਜਰ ਸ਼ਹਿਰ ਵਿਚ ਹੀ 113 ਮੰਦਰ ਢਾਹ ਕੇ ਮਸਜਿਦਾਂ ਬਣਵਾ ਦਿੱਤੀਆਂ। ਹਜ਼ਾਰਾਂ ਹਿੰਦੂ ਕਤਲ ਕੀਤੇ ਤੇ ਗ਼ੁਲਾਮ ਬਣਾਏ। ਤਾਰੀਖ਼ ਫ਼ਰਿਸ਼ਤਾ ਅਨੁਸਾਰ ਫੀਰੋਜ਼ ਸ਼ਾਹ ਨੇ ਜਦੋਂ ਨਗਰਕੋਟ ਕਾਂਗੜਾ ਫਤਿਹ ਕੀਤਾ ਤਾਂ ਸਾਰੇ ਹਿੰਦੂਆਂ ਨੂੰ ਲੁੱਟ ਕੇ ਬੁੱਤਾਂ ਨੂੰ ਤੋੜ ਦਿੱਤਾ ਤੇ ਉਨ੍ਹਾਂ ਬੁੱਤਾਂ ਦੇ ਟੁਕੜਿਆਂ ਨੂੰ ਗਾਂ ਦੇ ਗੋਸ਼ਤ ਵਿਚ ਮੜ੍ਹ ਕੇ ਬ੍ਰਾਹਮਣਾਂ ਦੇ ਗਲ਼ਾਂ ਵਿਚ ਹਾਰ ਪਾਏ। ਤੇਰ੍ਹਾਂ ਹਜ਼ਾਰ ਹਿੰਦੂ ਬੁੱਤ-ਪੂਜਾਂ ਨੂੰ ਕੈਦ ਕਰ ਕੇ ਮੂੰਹ ਵਿਚ ਗਾਂ ਦਾ ਮਾਸ ਤੁੰਨ ਕੇ ਕਤਲ ਕੀਤਾ।"

ਗਿਆਸਦੀਨ ਨੇ ਰਾਣਾ ਮੱਲ ਭੱਟੀ ਦੀ ਧੀ ਨੂੰ ਜਬਰੀ ਮੁਸਲਮਾਨ ਬਣਾ ਕੇ ਉਸ ਨਾਲ ਨਿਕਾਹ ਪੜ੍ਹਾ ਕੇ ਆਪਣੇ ਹਰਮ ਵਿਚ ਸ਼ਾਮਲ ਕੀਤਾ। ਉਸ ਦੀ ਕੁੱਖ 'ਚੋਂ ਹੀ ਫੀਰੋਜ਼ ਸ਼ਾਹ ਪੈਦਾ ਹੋਇਆ ਸੀ। ਇਸੇ ਬਾਦਸ਼ਾਹ ਦੇ ਕਹਿਰ ਤੋਂ ਬਚਣ ਲਈ ਜੈਸਲਮੇਰ ਵਿਚ ਅੱਠ ਹਜ਼ਾਰ ਤੇ ਬਠਿੰਡੇ ਵਿਚ 24 ਹਜ਼ਾਰ ਇਸਤਰੀਆਂ ਆਪਣੀ ਪੱਤ ਬਚਾਉਣ ਲਈ ਜਿਉਂਦੀਆਂ ਹੀ ਸੜ ਮਰੀਆਂ ਸਨ। ਅਨੇਕਾਂ ਬੱਚਿਆ ਤੇ ਵੀਹ ਹਜ਼ਾਰ ਲੜਕੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਦੇਸ਼ ਭੇਜਿਆ। ਉਸ ਨੇ ਦੌਲਤਾਬਾਦ ਸ਼ਹਿਰ ਨੂੰ ਤਾਂ ਅਜਿਹਾ ਬਰਬਾਦ ਕੀਤਾ ਕਿ ਉਥੇ ਕੋਈ ਕੁੱਤਾ ਜਾਂ ਬਿੱਲੀ ਤਕ ਵੀ ਨਾ ਬਚੇ। ਅੰਨ੍ਹਿਆਂ ਨੂੰ ਉਸ ਨੇ ਘੋੜਿਆਂ ਦੀਆਂ ਪੂਛਾਂ ਨਾਲ ਬੰਨ੍ਹ ਕੇ ਮਰਵਾਇਆ।

ਅਮੀਰ ਖੁਸਰੋ ਅਨੁਸਾਰ ਜਲਾਲੁਦੀਨ ਖਿਲਜੀ ਨੇ ਸਾਰੇ ਮਾਲਵੇ ਤੇ ਗੁਜਰਾਤ ਦੇ ਇਲਾਕੇ ਨੂੰ ਇੱਥੋਂ ਤਕ ਲੁੱਟਿਆ ਕਿ ਉਥੋਂ ਦੀ ਹਿੰਦੂ ਵੱਸੋਂ ਪਾਸ ਨੰਗੇਜ਼ ਢੱਕਣ ਵਾਲੇ ਕੱਪੜੇ ਤੇ ਮਿੱਟੀ ਦੇ ਭਾਂਡਿਆਂ ਤੋਂ ਬਿਨਾਂ ਕੁਝ ਵੀ ਨਾ ਰਿਹਾ। 20 ਹਜ਼ਾਰ ਬੱਚੇ, ਤੀਵੀਆਂ, ਮਰਦ ਤੇ ਲੜਕੀਆਂ ਉਸ ਨੇ ਅਪਣੇ ਸੈਨਿਕਾਂ ਵਿਚ ਇਨਾਮ ਵਜੋਂ ਵੰਡੀਆਂ। 14 ਹਜ਼ਾਰ ਹਿੰਦੂ ਰਿਸ਼ੀਆਂ ਦੇ ਸਿਰ ਵੱਢ ਕੇ ਕਿਲ੍ਹੇ ਦੀਆਂ ਕੰਧਾਂ ਉਤੇ ਰਖਵਾਏ ਤੇ ਹਰ ਇਕ ਉਤੇ ਦੀਵੇ ਜਗਾ ਕੇ ਰੋਸ਼ਨੀ ਕੀਤੀ ਤੇ ਪਿੱਛੋਂ ਯਮਨਾ ਨਦੀ ਵਿਚ ਸੁੱਟਵਾ ਦਿੱਤੇ। ਤੈਮੂਰ ਨੇ ਦਿਆਲਪੁਰ ਦੇ ਪੰਜ ਹਜ਼ਾਰ, ਅਯੁੱਧਿਆ ਦੇ 14 ਹਜ਼ਾਰ ਤੇ ਬਨਾਰਸ ਦੇ 20 ਹਜ਼ਾਰ ਬੁੱਤ-ਪੂਜ ਹਿੰਦੂ ਤੇ ਬ੍ਰਾਹਮਣਾਂ ਨੂੰ ਕਤਲ ਕੀਤਾ। ਉਨ੍ਹਾਂ ਦੇ ਬਾਲ-ਬੱਚੇ ਤੇ ਔਰਤਾਂ ਨੂੰ ਗ਼ੁਲਾਮ ਬਣਾ ਕੇ ਆਪਣੇ ਫੌਜੀਆਂ ਵਿਚ ਵੰਡ ਦਿੱਤਾ। ਅਕਬਰ ਬਾਦਸ਼ਾਹ ਉਦਾਰਵਾਦੀ ਸੀ ਤੇ ਚਾਹੁੰਦਾ ਸੀ ਕਿ ਹਿੰਦੂ ਤੇ ਮੁਸਲਮਾਨ ਮਿਲ ਕੇ ਰਹਿਣ, ਪਰ ਇਕ ਦੂਜੇ ਪ੍ਰਤੀ ਜੋ ਘਿਰਣਾ ਪੈਦਾ ਹੋ ਗਈ ਸੀ, ਉਹ ਖਤਮ ਨਾ ਹੋਈ। ਉਹ ਹਿੰਦੂ ਰਾਜਿਆਂ ਨਾਲ ਰਿਸ਼ਤੇ ਜੋੜਨ ਲਈ ਬਹੁਤ ਖਾਹਿਸ਼ਮੰਦ ਸੀ ਤੇ ਹਰ ਤਰ੍ਹਾਂ ਦੇ ਯਤਨ ਵੀ ਕਰਦਾ ਸੀ। ਉਸ ਦੇ ਵਾਰਸਾਂ ਨੇ ਵੀ ਉਸ ਦੀ ਇਸ ਨੀਤੀ ਨੂੰ ਜਾਰੀ ਰੱਖਿਆ। ਬਜਾਏ ਇਸ ਦੇ ਕਿ ਧਰਮ ਦੇ ਬਦਲਣ ਤੋਂ ਘਿਰਣਾ ਕੀਤੀ ਜਾਂਦੀ, ਹਿੰਦੂ ਰਾਜਿਆਂ ਅੰਦਰ ਬਾਦਸ਼ਾਹ ਨੂੰ ਜਵਾਈ ਬਣਾਉਣ ਦਾ ਸ਼ੌਂਕ ਤੇਜ਼ੀ ਨਾਲ ਵਧਿਆ ਤੇ ਉਸ ਲਈ ਉਹ ਦਿਲੀ ਇੱਛਾ ਕਰਨ ਲੱਗ ਪਏ ਸਨ। ਇਹ ਨੀਤੀ ਵੀ ਹਿੰਦੂਆਂ ਲਈ ਘਾਤਕ ਸਿੱਧ ਹੋਈ, ਕਿਉਂਕਿ ਕੋਈ ਵੀ ਹਿੰਦੂ ਰਾਜਾ ਮੁਸਲਮਾਨ ਲੜਕੀ ਵਿਆਹੁਣ ਨੂੰ ਤਿਆਰ ਨਹੀਂ ਸੀ।

ਇਹੋ ਜਿਹੀਆਂ ਹੋਰ ਵੀ ਅਨੇਕਾਂ ਉਦਾਹਰਨਾਂ ਇਤਿਹਾਸਿਕ ਹਵਾਲੇ ਦੇ ਕੇ ਦਿੱਤੀਆਂ ਜਾ ਸਕਦੀਆਂ ਹਨ, ਪਰ ਥੋੜੇ ਜਿਹੇ ਨਮੂਨੇ ਨਾਲ ਸਾਰੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ। ਇਸ ਤੋਂ ਸਾਫ ਸਪਸ਼ਟ ਹੈ ਕਿ ਹਿੰਦੂ ਸਮਾਜ ਬਹੁਤ ਹੀ ਨਿਰਬਲ, ਸੱਤਿਆਹੀਣ ਤੇ ਨਿਆਸਰਾ ਹੋ ਚੁੱਕਾ ਸੀ। ਕਿਤੇ-ਕਿਤੇ ਟਾਵੀਂ ਕੋਈ ਰਾਜਪੂਤ ਹਕੂਮਤ ਸੀ, ਉਹ ਵੀ ਪਹਾੜ ਦੀਆਂ ਕੁੰਦਰਾਂ ਤੇ ਖੰਡਰਾਂ ਵਿਚ ਬਚੀ ਹੋਈ ਸੀ। ਉਸ ਦੇ ਪਿੱਛੇ ਵੀ ਇਸਲਾਮੀ ਟਿੱਡੀ ਦਲ ਫੌਜਾਂ ਹਰ ਸਮੇਂ ਜਹਾਦ ਲਈ ਤਿਆਰ ਰਹਿੰਦੀਆਂ ਸਨ।

ਅਜਿਹੇ ਬਿਖੜੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਉਨ੍ਹਾਂ ਨੇ ਦੋਨਾਂ ਧਰਮਾਂ ਦੇ ਪੈਰੋਕਾਰਾਂ ਨੂੰ ਸਿੱਧਾ-ਸਾਦਾ ਤੇ ਨੇਕ ਜੀਵਨ ਬਿਤਾਉਣ, ਹੱਥੀਂ ਕਿਰਤ ਕਰਨ, ਵੰਡ ਛਕਣ, ਇੱਕੋ ਪਰਮਾਤਮਾ ਉਤੇ ਅਟੁੱਟ ਵਿਸ਼ਵਾਸ ਤੇ ਸਭਨਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਲਾਲਾ ਦੌਲਤ ਰਾਏ ਦੇ ਸ਼ਬਦਾਂ ਵਿਚ "ਉਨ੍ਹਾਂ ਇਹ ਕਾਰਜ ਐਸੀ ਜੁਗਤੀ ਨਾਲ ਅਰੰਭਿਆ ਤੇ ਨਿਭਾਇਆ, ਜੋ ਕੇਵਲ ਉਹੋ ਹੀ ਕਰ ਸਕਦੇ ਸਨ। ਇਹੋ ਕਾਰਨ ਹੈ ਕਿ ਮੁਸਲਮਾਨ ਵੀ ਅਜਿਹੇ ਦਲੇਰ ਵਿਅਕਤੀ ਦੇ ਖ਼ਿਲਾਫ਼ ਨਾ ਹੋਏ ਜੋ ਹਿੰਦੂਆਂ ਨੂੰ ਉਨ੍ਹਾਂ ਦੇ ਮੁਕਾਬਲੇ 'ਤੇ ਲਿਆਉਣ ਦੀ ਨੀਂਹ ਰੱਖ ਰਿਹਾ ਸੀ।" ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਤਰ੍ਹਾਂ ਦੋਨਾਂ ਧਰਮਾਂ ਦੇ ਲੋਕਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਜਾਰੀ ਰੱਖਿਆ।

ਔਰੰਗਜ਼ੇਬ ਬਾਦਸ਼ਾਹ ਦੀ ਹਕੂਮਤ ਸਮੇਂ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਉਣ ਦੀ ਮੁਹਿਮ ਤੇਜ਼ ਹੋ ਗਈ। ਉਸ ਦੇ ਜ਼ੁਲਮ ਤਸ਼ੱਦਦ ਤੋਂ

ਪ੍ਰੇਸ਼ਾਨ ਹੋਏ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਫਰਿਆਦ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਬਾਲਕ ਗੋਬਿੰਦ ਸਿੰਘ ਜੀ, ਜੋ ਕੇਵਲ 9 ਵਰ੍ਹਿਆਂ ਦੇ ਸਨ, ਦੇ ਆਖਣ' ਤੇ ਉਨ੍ਹਾਂ ਦੀ ਰੱਖਿਆ ਲਈ ਦਿੱਲੀ ਗਏ, ਜਿੱਥੇ ਬਾਦਸ਼ਾਹ ਦੇ ਹੁਕਮ 'ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਗਰੀਬ, ਮਜ਼ਲੂਮ ਤੇ ਨਿਤਾਣਿਆਂ ਦੀ ਰੱਖਿਆ ਲਈ ਅਤੇ ਮੁਗਲ ਹਕੂਮਤ ਦੇ ਜ਼ੁਲਮ ਤਸ਼ੱਦਦ ਤੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਅਤੇ ਕੌਮ ਵਿਚ ਇਕ ਨਵੀਂ ਰੂਹ ਭਰ ਦਿੱਤੀ। ਗੁਰੂ ਜੀ ਦੇ ਖਾਲਸੇ ਨੇ ਇਤਿਹਾਸ ਦਾ ਰੁਖ਼ ਬਦਲ ਕੇ ਰੱਖ ਦਿੱਤਾ। ਇਸ ਮੁਹਿੰਮ ਵਿਚ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਲਾਲਾ ਦੌਲਤ ਰਾਏ ਦੇ ਆਪਣੇ ਸ਼ਬਦਾਂ ਅਨੁਸਾਰ, "ਔਰੰਗਜ਼ੇਬ ਦੇ ਸਮੇਂ ਤਕ ਹਿੰਦੂਆਂ ਤੇ ਹਿੰਦੁਸਤਾਨ ਦੀ ਅਜਿਹੀ ਦਸ਼ਾ ਹੋ ਗਈ ਸੀ ਕਿ ਸਾਰੇ ਭਾਰਤਵਰਸ਼ 'ਤੇ ਹੀ ਇਸਲਾਮੀ ਝੰਡਾ ਝੁੱਲਣ ਲੱਗ ਗਿਆ ਸੀ। ਲਹਿੰਦੇ ਪਾਸੇ ਗੁਜਰਾਤ ਤੇ ਦੁਆਰਕਾ ਤਕ ਇਸਲਾਮੀ ਹਕੂਮਤ ਕਾਇਮ ਹੋ ਚੁੱਕੀ ਸੀ। ਦੱਖਣ ਦੀਆਂ ਸਾਰੀਆਂ ਹਿੰਦੂ ਹਕੂਮਤਾਂ ਬਰਬਾਦ ਹੋ ਕੇ ਅਪਣੀ ਹੋਂਦ ਹੀ ਖਤਮ ਕਰ ਰਹੀਆਂ ਸਨ। ਰਾਮੇਸ਼ਵਰਮ ਵਿਚ ਮਸਜਿਦਾਂ ਉਸਰ ਚੁੱਕੀਆਂ ਸਨ, ਜਿੱਥੋਂ 'ਅੱਲ੍ਹਾ ਹੂ ਅਕਬਰ' ਦੀਆਂ ਉਚੀਆਂ-ਉਚੀਆਂ ਬਾਂਗਾਂ ਸੁਣਾਈ ਦੇ ਰਹੀਆਂ ਸਨ। ਚੜ੍ਹਦੇ ਵਿਚ ਉੜੀਸਾ ਤੇ ਬੰਗਾਲ ਢੇਰ ਸਮੇਂ ਤੋਂ ਇਸਲਾਮ ਦੇ ਜ਼ੋਰ ਤੇ ਜ਼ੁਲਮ ਦੇ ਅਭਿਆਸ ਦਾ ਖੇਤਰ ਬਣਿਆ ਹੋਇਆ ਸੀ। ਉਤਰ ਵਿਚ ਵੀ ਪਹਾੜਾਂ ਵਿਚ ਹਿੰਦੂ ਰਾਜਿਆਂ ਦੀ ਹਕੂਮਤ ਦਾ ਭੋਗ ਪੈ ਚੁੱਕਾ ਸੀ ਅਤੇ ਉਹ ਸਾਰੇ ਅਧੀਨ ਹੋ ਗਏ ਸਨ। ਕਸ਼ਮੀਰ ਵਿਚ ਇਸਲਾਮੀ ਝੰਡਾ ਲਹਿਰਾ ਰਿਹਾ ਸੀ। ਪਰ ਫਿਰ ਵੀ ਇਨ੍ਹਾਂ ਜਿੱਤਾਂ ਤੇ ਤਾਕਤੀ ਪਸਾਰੇ ਦੇ ਬਾਵਜੂਦ ਮੁਲਕ ਵਿਚ ਚੈਨ ਨਹੀਂ ਸੀ।"

ਉਹ ਅੱਗੇ ਲਿਖਦੇ ਹਨ, "ਜੋ ਕੁਝ ਪਹਿਲਾਂ ਵਾਪਰ ਚੁੱਕਾ ਸੀ, ਉਸ ਨੂੰ ਭੁਲਾ ਕੇ ਜੇ ਇਕੱਲੇ ਔਰੰਗਜ਼ੇਬ ਦੀਆਂ ਕਰਤੂਤਾਂ ਹੀ ਵੇਖੀਆਂ ਜਾਣ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਸੀ ਕਿ ਹਿੰਦੂਆਂ ਦਾ ਨਾਂ ਵੀ ਹਿੰਦੁਸਤਾਨ ਦੀ ਧਰਤੀ ਤੋਂ ਉਸੇ ਤਰ੍ਹਾਂ ਹੀ ਮਿਟ ਜਾਂਦਾ ਜਿਵੇਂ ਕੁਰੈਸ਼ੀਆਂ ਦਾ ਅਰਬ ਵਿਚ ਮੇਟਿਆ ਗਿਆ ਸੀ, ਜਾਂ ਫਿਰ ਉਹੀ ਹਾਲ ਹੁੰਦਾ ਜਿਵੇਂ ਇਰਾਨ, ਤੁਰਕਿਸਤਾਨ, ਅਫ਼ਗਾਨਿਸਤਾਨ ਤੇ ਬਲੋਚਿਸਤਾਨ ਦੇ ਵਸਨੀਕ ਆਪਣੇ ਵੱਡੇ ਵਡੇਰਿਆਂ ਦੇ ਧਰਮ ਨੂੰ ਤਿਲਾਂਜਲੀ ਦੇ ਚੁੱਕੇ ਸਨ। ਇੱਥੇ ਵੀ ਸਾਰੇ ਹੀ ਹਿੰਦੂ ਆਪਣੇ ਧਰਮ ਦਾ ਤਿਆਗ ਕਰ ਦਿੰਦੇ ਤੇ ਇਸਲਾਮ ਦੀ ਜ਼ਾਲਮ ਤਲਵਾਰ ਅੱਗੇ ਸਿਰ ਨੀਵਾਂ ਕਰ ਕੇ ਆਪਣੀ ਸੰਸਕ੍ਰਿਤੀ ਤੋਂ ਹੱਥ ਧੋ ਬੈਠਦੇ ਕਿਉਂਕਿ ਹਿੰਦੂਆਂ ਵਿਚ ਹੁਣ ਇਸਲਾਮੀ ਜਬਰ ਤੇ ਜੋਸ਼ ਦਾ ਟਾਕਰਾ ਕਰਨ ਦੀ ਨਾ ਹਿੰਮਤ ਸੀ ਤੇ ਨਾ ਹੀ ਤਾਕਤ, ਨਾ ਹੀ ਹੌਂਸਲਾ ਸੀ ਤੇ ਨਾ ਹੀ ਸੂਝ, ਨਾ ਹੀ ਧਰਮ ਦਾ ਬਲ ਤੇ ਨਾ ਹੀ ਧਨ-ਬਲ ਸੀ।"

ਫਿਰ ਐਸੀ ਨਿਰਾਸ਼ਤਾ ਵਿਚ ਅਚਨਚੇਤ ਇਕ ਮੂਰਤ ਪ੍ਰਗਟ ਹੋਈ। ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੂਫ਼ਾਨ ਵਿੱਚੋਂ ਕੱਢਿਆ ਹੀ ਨਹੀਂ, ਸਗੋਂ ਕੰਢੇ 'ਤੇ ਲਿਆ ਖੜ੍ਹਾ ਕੀਤਾ। ਹਿੰਦੂ ਧਰਮ ਦੇ ਸੁੱਕ ਚੁੱਕੇ ਤੇ ਕੁਮਲਾ ਗਏ ਬਾਗ਼ ਲਈ ਉਹ ਰਹਿਮਤ ਦੀ ਵਰਖਾ ਤੇ ਉਜੜ ਰਹੇ ਚਮਨ ਦਾ ਮਾਲੀ ਤੇ ਦਰਦ ਵੰਡਾਉਣ ਵਾਲਾ ਸੀ। ਪਰ ਉਹ ਕੌਣ ਸੀ? ਹਾਂ ਉਹ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ। ਜਿਸ ਬੂਟੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਖ਼ੂਨ ਦਾ ਪਾਣੀ ਦੇ ਕੇ ਤੇ ਹੱਡੀਆਂ ਪਾ ਕੇ ਵੱਡਾ ਕੀਤਾ ਸੀ ਅਤੇ ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਤੇ ਰੱਤ ਪਾ ਕੇ ਪਾਲਿਆ ਪੋਸਿਆ ਤੇ, ਉਸੇ ਦੀ ਸੇਵਾ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ, ਚਾਰ ਪੁੱਤਰਾਂ, ਪੰਜ ਪਿਆਰਿਆਂ ਅਤੇ ਹਜ਼ਾਰਾਂ ਸ਼ਰਧਾਲੂ ਸਿੱਖ ਦੁਲਾਰਿਆਂ ਦੀਆਂ ਲਹੂ ਦੀਆਂ ਵਗਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨਾਲ ਫੁੱਲ ਲੱਗ ਗਏ। ਉਹ ਫੁੱਲ ਕੀ ਸਨ? ਉਹ ਸਨ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ-ਭਗਤੀ ਤੇ ਪ੍ਰਭੂ ਪਿਆਰ ਦੇ ਫੁੱਲ। ਇਹ ਇਕ ਐਸਾ ਫਲ ਸੀ ਕਿ ਜਿਸ ਦਾ ਫੁੱਲ ਅਕਾਲ-ਪੁਰਖ ਦੀ ਪੂਜਾ ਸੀ, ਜਿਸ ਦੇ ਗੁੱਦੇ ਵਿਚ ਕੌਮੀ ਪਿਆਰ ਸੀ ਤੇ ਜਿਸ ਦਾ ਛਿਲਕਾ ਸੀ ਦੇਸ਼-ਪਿਆਰ। ਜਿਸ ਦੀ ਗਿਟਕ ਸੀ ਭਗਤੀ-ਭਾਵ, ਜਿਸ ਦਾ ਮਿੱਠਾ ਰਸ ਸੀ ਕੌਮੀਅਤ।"

ਉਹ ਅੱਗੇ ਲਿਖਦੇ ਹਨ ਕਿ ਕਿਸੇ ਕਵੀ ਨੇ ਠੀਕ ਆਖਿਆ ਹੈ:-


**ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ ਬਾਤ ਕਹੂੰ ਜਬ ਕੀ**
**ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਨਾ ਧਾਰਦੇ ਤਾਂ ਇਸਲਾਮੀ ਹਮਲਾਵਰਾਂ ਤੇ ਹੁਕਮਰਾਨਾਂ ਨੇ ਸਾਰਾ ਹਿੰਦੁਸਤਾਨ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਲੈਣਾ ਸੀ ਜਿਵੇ ਉਨ੍ਹਾਂ ਨੇ ਪਹਿਲਾਂ ਇਰਾਨ, ਅਫ਼ਗਾਨਿਸਤਾਨ ਆਦਿ ਕਈ ਦੇਸ਼ਾਂ ਨੂੰ ਤਲਵਾਰ ਦੇ ਜ਼ੋਰ ਨਾਲ ਇਸਲਾਮੀ ਦੇਸ਼ ਬਣਾ ਲਿਆ ਸੀ। ਫਿਰ ਭਾਵੇਂ ਇਸ ਦਾ ਨਾਂ ਹਿੰਦੁਸਤਾਨ ਹੀ ਰਹਿੰਦਾ, ਪਰ ਇਕ ਇਸਲਾਮੀ ਦੇਸ਼ ਹੋਣਾ ਸੀ, ਭਾਵ ਅੱਜ ਵਾਲਾ ਸਾਰਾ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਸਮੇਤ ਭਾਰਤੀ ਉਪ-ਮਹਾਂਦੀਪ ਇੱਕੋ ਇਸਲਾਮੀ ਦੇਸ਼ ਹੋਣਾ ਸੀ। ਕੀ ਭਾਰਤ ਵਾਸੀ ਹਿੰਦੂ ਧਰਮ ਦੀ ਰੱਖਿਆ ਅਤੇ ਇਸ ਦੇਸ਼ ਦਾ ਬਹੁ-ਧਰਮੀ ਚਰਿੱਤਰ (ਜਿਸ ਕਾਰਨ ਅੱਜ ਇਹ ਇਕ ਅਖੌਤੀ ਧਰਮ-ਨਿਰਪੱਖ ਦੇਸ਼ ਅਖਵਾਉਂਦਾ ਹੈ) ਤੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤੀ ਬਚਾਉਣ ਵਾਸਤੇ ਗੁਰੂ ਸਾਹਿਬਾਨ ਅਤੇ ਪਿੱਛੋਂ ਉਨ੍ਹਾਂ ਦੇ ਬਹਾਦਰ ਯੋਧੇ ਸਿੰਘਾਂ ਵੱਲੋਂ ਕੀਤੀਆਂ ਮਹਾਨ ਕੁਰਬਾਨੀਆਂ ਨੂੰ ਅੱਖੋਂ ਪਰੋਖੇ ਕਰ ਸਕਦੇ ਹਨ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਪੰਜਾਬ ਦਾ ਇਤਿਹਾਸ - 2




ਸਿੱਖ ਧਰਮ ਪੂਰੀ ਤਰ੍ਹਾਂ ਨਵੀਨ ਅਤੇ ਉੱਨਤੀਸ਼ੀਲ ਧਰਮ ਹੈ। ਸ਼ੁਰੂ ਤੋਂ ਹੀ ਇਸ ਧਰਮ ਨੂੰ ਕੱਟੜਵਾਦ ਅਤੇ ਕਰਮ-ਕਾਂਡਾਂ ਦੇ ਚੱਕਰਵਿਊ ਤੋਂ ਸੁਤੰਤਰ ਰੱਖਿਆ। ਸਿੱਖ ਮੱਤ ਦਾ ਜੋ ਧਾਰਮਿਕ ਫਲਸਫ਼ਾ ਗੁਰੂ ਨਾਨਕ ਜੀ ਨੇ ਆਪਣੇ ਪੈਰੋਕਾਰਾਂ ਨੂੰ ਦਿੱਤਾ ਅਗਲੇਰੇ ਸਾਰੇ ਗੁਰੂ ਸਾਹਿਬਾਨ ਦੇ ਸਮੇਂ ਉਸ ਫ਼ਲਸਫ਼ੇ ਦੀ ਦ੍ਰਿੜ੍ਹਤਾ ਨਾਲ ਪਾਲਣਾ ਕੀਤੀ ਗਈ ਅਤੇ ਉਨ੍ਹਾਂ ਸਿਧਾਂਤਾਂ ਦੀ ਹੁਣ ਤੱਕ ਪਾਲਣਾ ਕੀਤੀ ਜਾ ਰਹੀ ਹੈ।

## ਗੁਰੂ ਨਾਨਕ ਦੇਵ ਜੀ

**ਗੁਰੂ ਨਾਨਕ ਦੇਵ ਜੀ** (1469-1539) - ਸਿੱਖ ਧਰਮ ਦੇ ਬਾਨੀ ਸਨ। ਉਨ੍ਹਾਂ ਨੇ ਸਰਵ ਵਿਆਪੀ ਅਤੇ ਸਰਵ ਸ਼ਕਤੀਮਾਨ ਪ੍ਰਮਾਤਮਾ ਦੀ ਹੋਂਦ ਦਾ ਪ੍ਰਚਾਰ ਕੀਤਾ। ਉਸ ਪ੍ਰਮਾਤਮਾ ਦੀ ਪ੍ਰਾਪਤੀ ਲਈ ਆਪਾ ਸਮਰਪਣ ਅਤੇ ਉ ਸਦੇ ਨਾਮ ਸਿਮਰਨ ਦਾ ਰਾਹ ਦਰਸਾਇਆ। ਸੰਸਾਰ ਦੀ ਅਪਵਿੱਤਰਤਾ ਵਿਚ ਵਿਚਰਦੇ ਹੋਏ ਪਵਿੱਤਰ ਰਹਿਣ ਦੀ ਸਿੱਖਿਆ ਦਿੱਤੀ। ਸਭ ਦੇ ਭਾਈ ਭਾਈ ਹੋਣ, ਗ੍ਰਹਿਸਤੀ ਜੀਵਨ ਜੀਉਣ, ਜਾਤ-ਪਾਤ ਵਿਚ ਅਵਿਸ਼ਵਾਸ ਅਤੇ ਖੋਖਲੀਆਂ ਰਸਮਾਂ ਰੀਤਾਂ ਨੂੰ ਰੱਦ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਦਾ ਧਰਮ ਵਿਲੱਖਣ ਅਤੇ ਮੁਕੰਮਲ ਹੈ। ਉਨ੍ਹਾਂ ਨੇ ਸਮਕਾਲੀ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲ ਕੋਈ ਰੁਚੀ ਨਹੀਂ ਵਿਖਾਈ। ਉਨ੍ਹਾਂ ਦੇ ਵਿਚਾਰ ਵਿਚ ਆਦਰਸ਼ਕ ਮਨੁੱਖ ਇਕ ਸੁਤੰਤਰ ਨਿਡਰ ਅਤੇ ਉੱਚ-ਇਖਲਾਕੀ ਪੁਰਸ਼ ਹੈ। ਆਪ ਇਕ ਨਵੀਂ ਸਮਾਜਿਕ ਪ੍ਰਣਾਲੀ ਸਥਾਪਤ ਕਰਨਾ ਚਾਹੁੰਦੇ ਸਨ ਜੋ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਅਜਿਹੀਆਂ ਪ੍ਰਣਾਲੀਆਂ ਤੋਂ ਵੱਖਰੀ ਹੋਵੇ। ਇਹ ਗੱਲ ਗੁਰੂ ਜੀ ਦੇ ਸਾਹਮਣੇ ਸਪੱਸ਼ਟ ਸੀ ਕਿ ਮਾਨਸਿਕ ਅਤੇ ਆਤਮਿਕ ਸੁਤੰਤਰਤਾ ਤੋਂ ਬਿਨਾਂ ਮਨੁੱਖ ਨੂੰ ਇਕ ਉੱਤਮ ਪੁਰਸ਼ ਬਣਾਉਣਾ ਸੰਭਵ ਨਹੀਂ ਸੀ ਅਤੇ ਜਦ ਤਾਂਈ ਉਹ ਆਪਣੀ ਪਿਤ੍ਰੀ ਸੰਪਰਦਾ ਨਾਲ ਬੱਝਾ ਹੋਇਆ ਸੀ ਉਹ ਸੁਤੰਤਰ ਨਹੀਂ ਸੀ ਹੋ ਸਕਦਾ। ਇਸ ਲਈ ਇਕ ਵਿਸ਼ੇਸ਼ ਸਮਾਜਿਕ ਸੰਪਰਦਾ ਦੀ ਲੋੜ ਸੀ ਜੋ ਉਨ੍ਹਾਂ ਨੇ ਹੋਂਦ ਵਿਚ ਲਿਆਂਦੀ।

**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**



## ਗੁਰੂ ਅੰਗਦ ਦੇਵ ਜੀ

**ਗੁਰੂ ਅੰਗਦ ਦੇਵ ਜੀ** (1539-1552) - ਗੁਰੂ ਨਾਨਕ ਦੇਵ ਜੀ ਦੇ ਪਹਿਲੇ ਉੱਤਰਾਧਿਕਾਰੀ ਸਨ। ਆਪ ਨੇ ਗੁਰਮੁਖੀ ਲਿਪੀ ਨੂੰ ਸਿੱਖਾਂ ਵਿਚ ਹਰਮਨ ਪਿਆਰਾ ਬਣਾ ਕੇ ਗੁਰੂਆਂ ਦੀ ਬਾਣੀ ਅੰਕਿਤ ਕਰਨ ਲਈ ਲਿਪੀ ਵਜੋਂ ਵਰਤਿਆ। ਆਪ ਨੇ ਘਰ ਦੇ ਤਿਆਗ ਅਤੇ ਘਰੋ ਸਰੀਰਕ ਤਪੱਸਿਆ ਦੀ ਨਿਖੇਧੀ ਕੀਤੀ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸੰਭਾਲਣ ਦਾ ਉਪਰਾਲਾ ਕੀਤਾ। ਆਪ ਨੇ ਲੰਗਰ ਦੀ ਪ੍ਰਥਾ ਨੂੰ ਹੋਰ ਵਧੇਰੇ ਉੱਨਤ ਕੀਤਾ।

## ਗੁਰੂ ਅਮਰ ਦਾਸ ਜੀ

**ਗੁਰੂ ਅਮਰ ਦਾਸ ਜੀ** (1552-1574) - ਗੁਰੂ ਅੰਗਦ ਦੇਵ ਜੀ ਦੇ ਉੱਤਰਾਧਿਕਾਰੀ ਸਨ ਅਤੇ ਉਮਰ ਵਿਚ ਉਨ੍ਹਾਂ ਤੋਂ 25 ਵਰ੍ਹੇ ਵਡੇਰੇ ਸਨ। ਗੁਰੂ ਅਮਰ ਦਾਸ ਜੀ ਨੇ ਸਿੱਖਾਂ ਵਿਚ ਜਨਮ, ਮਰਨ ਅਤੇ ਵਿਆਹ-ਸ਼ਾਦੀ ਸਮੇਂ ਕਈ ਨਵੀਆਂ ਰਸਮਾਂ ਦਾ ਪ੍ਰਸਾਰ ਕੀਤਾ। ਲੰਗਰ ਦੀ ਸੰਸਥਾ ਨੂੰ ਹੋਰ ਵੀ ਉੱਨਤ ਕੀਤਾ ਅਤੇ ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਹਰ ਜਗਿਆਸੂ ਲਈ ਲੰਗਰ ਵਿਚੋਂ ਪ੍ਰਸ਼ਾਦ ਛਕਣ ਨੂੰ ਲਾਜ਼ਮੀ ਬਣਾ ਦਿੱਤਾ। ਇਸ ਤਰ੍ਹਾਂ ਆਪ ਜਾਤ-ਪਾਤ ਦੇ ਵਿਤਕਰੇ ਨੂੰ ਘਟਾਉਣਾ ਚਾਹੁੰਦੇ ਸਨ। ਆਪ ਨੇ ਮਨੁੱਖੀ ਜ਼ਿੰਦਗੀ ਨੂੰ ਉੱਤਮ ਸਮਝਦੇ ਹੋਏ ਸਤੀ ਵਰਗੀ ਗੈਰ ਮਨੁੱਖੀ ਰਸਮ ਦੀ ਨਿਖੇਧੀ ਕੀਤੀ। ਗੁਰੂ ਅਮਰ ਦਾਸ ਜੀ ਨੇ ਆਪਣੀ ਸਿੱਖੀ ਸੇਵਕੀ ਨੂੰ ਬਾਈ ਭਾਗਾਂ ਵਿਚ ਵੰਡ ਕੇ ਹਰ ਭਾਗ ਨੂੰ ਇਕ ਪਰਮ ਸ਼ਰਧਾਲੂ ਸਿੱਖ ਦੀ ਅਗਵਾਈ ਵਿਚ ਸੌਂਪ ਦਿੱਤਾ। ਇਸ ਮੰਜੀ ਪ੍ਰਥਾ ਦੁਆਰਾ ਸਿੱਖੀ ਦਾ ਪ੍ਰਚਾਰ ਵੀ ਹੋਇਆ ਤੇ ਦੂਰ ਦੁਰਾਡੇ ਸਿੱਖ ਸ਼ਰਧਾਲੂਆਂ ਨੂੰ ਸਿੱਖ ਕੇਂਦਰ ਨਾਲ ਵੀ ਜੋੜੀ ਰੱਖਿਆ।

## ਗੁਰੂ ਰਾਮ ਦਾਸ ਜੀ

**ਗੁਰੂ ਰਾਮ ਦਾਸ ਜੀ** (1574-1581) - ਨੇ ਸਿੱਖ ਧਰਮ ਦੇ ਕੇਂਦਰ ਵਜੋਂ ਗੁਰੂ ਕਾ ਚੱਕ (ਅੰਮ੍ਰਿਤਸਰ) ਨੂੰ ਉੱਨਤ ਕੀਤਾ। ਇਹ ਅਸਥਾਨ ਸਿੱਖਾਂ ਦੀ ਧਾਰਮਿਕ ਰਾਜਧਾਨੀ ਬਣ ਗਿਆ। ਭਾਰੀ ਗਿਣਤੀ ਵਿਚ ਸ਼ਰਧਾਲੂ ਇਥੇ ਆਉਣ ਲੱਗ ਪਏ। ਗੁਰੂ ਜੀ ਨੇ ਨਿਸ਼ਕਾਮ ਸੇਵਾ ਨੂੰ ਬਹੁਤ ਮਹੱਤਤਾ ਦਿੱਤੀ। ਮੁਗਲਾਂ ਅਤੇ ਅਫ਼ਗਾਨਾਂ ਵਿਰੁੱਧ ਸੁਤੰਤਰਤਾ ਲਈ ਯੁੱਧ ਲੜਨ ਸਮੇਂ ਸਿੱਖਾਂ

ਨੇ ਇਥੋਂ ਬਹੁਤ ਉਤਸ਼ਾਹ ਹਾਸਲ ਕੀਤਾ।

## ਗੁਰੂ ਅਰਜਨ ਦੇਵ ਜੀ

**ਗੁਰੂ ਅਰਜਨ ਦੇਵ ਜੀ** (1581-1606) - ਸਿੱਖ ਮੱਤ ਦੇ ਪੰਜਵੇਂ ਗੁਰੂ ਸਨ। ਆਪ ਦੇ ਸਮੇਂ ਵਿਚ ਧਰਮ ਵਧੇਰੇ ਪੱਕੇ ਪੈਰੀਂ ਹੋਇਆ। ਸਿੱਖ ਧਰਮ ਅਤੇ ਉਸ ਦੇ ਸਮਾਜਿਕ ਆਦਰਸ਼ਾਂ ਨੂੰ ਵਧੇਰੇ ਨਿੱਗਰ ਪ੍ਰਵਾਨਗੀ ਮਿਲੀ। ਗੁਰੂ ਅਰਜਨ ਦੇਵ ਜੀ ਦੁਆਰਾ ਸਿੱਖਾਂ ਨੂੰ ਉਨ੍ਹਾਂ ਦਾ ਧਾਰਮਿਕ ਗ੍ਰੰਥ ਮਿਲਿਆ ਅਤੇ ਨਾਲ ਹੀ ਇਸ ਆਦਿ ਗ੍ਰੰਥ ਸਾਹਿਬ ਨੂੰ ਇਸ ਦਾ ਵਿਸ਼ੇਸ਼ ਪੂਜਾ ਅਸਥਾਨ, ਹਰਿਮੰਦਰ ਸਾਹਿਬ ਵੀ ਮਿਲਿਆ। ਗੁਰੂ ਜੀ ਨੇ ਆਪਣੀ ਮਿਸਾਲ ਰਾਹੀਂ ਸੱਖਾਂ ਨੂੰ ਨਿਮਰਤਾ ਅਤੇ ਕੁਰਬਾਨੀ ਦਾ ਰਾਹ ਦਰਸਾਇਆ। ਗੁਰੂ ਅਰਜਨ ਦੇਵ ਜੀ ਸਿੱਖ ਮੱਤ ਦੇ ਪਹਿਲੇ ਸ਼ਹੀਦ ਸਨ। ਪਹਿਲੇ ਚਾਰ ਗੁਰੂਆਂ ਦਾ ਕਾਰਜ ਸਿੱਖੀ ਦੇ ਵਿਸ਼ੇਸ਼ ਸਰੂਪ ਲਈ ਤਿਆਰੀ ਦਾ ਸਮਾਂ ਸੀ ਅਤੇ ਗੁਰੂ ਅਰਜਨ ਸਾਹਿਬ ਦੇ ਹੱਥਾਂ ਵਿਚ ਇਸ ਨੂੰ ਇਕ ਪ੍ਰਤੱਖ ਸਰੂਪ ਪ੍ਰਦਾਨ ਹੋਇਆ।

## ਗੁਰੂ ਹਰਿਗੋਬਿੰਦ ਜੀ

**ਗੁਰੂ ਹਰਿਗੋਬਿੰਦ ਜੀ** (1606-1644) - ਆਪਣੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉੱਤਰਾਧਿਕਾਰੀ ਬਣੇ ਅਤੇ ਸਿੱਖ ਕੌਮ ਨੂੰ ਹਥਿਆਰਬੰਦ ਕਰਨ ਦੀ ਨੀਤੀ ਧਾਰਨ ਕੀਤੀ। ਆਪ ਦੇ ਸਮੇਂ ਸਿੱਖਾਂ ਨੇ ਕੁਝ ਵਾਧੂ ਜ਼ਿੰਮੇਵਾਰੀਆਂ ਆਪਣੇ ਉੱਪਰ ਲਈਆਂ। ਸਿੱਖ ਇਤਿਹਾਸ ਅਤੇ ਸਿੱਖ ਮੱਤ ਨੂੰ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੇ ਇਕ ਨਵਾਂ ਮੋੜ ਦਿੱਤਾ। ਗੱਦੀ-ਨਸ਼ੀਨੀ ਸਮੇਂ, ਸੇਲੀ, ਟੋਪੀ ਅਤੇ ਦੂਜੇ ਧਾਰਮਿਕ ਚਿੰਨ੍ਹਾਂ ਦੀ ਥਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਯੋਧੇ ਵਾਲੇ ਸ਼ਸ਼ਤਰ ਪਹਿਨੇ। ਆਪ ਨੇ ਤੇਜ਼ਦਾਰ ਫ਼ੌਲਾਦ ਨੂੰ ਜ਼ੁਲਮ ਨਾਲ ਟੱਕਰ ਲੈਣੀ ਦੀ ਨੀਤੀ ਵਜੋਂ ਪਵਿੱਤਰਤਾ ਦਾ ਵਰ ਦਿੱਤਾ। ਆਪ ਨੇ ਦੋ ਤਲਵਾਰਾਂ ਪਹਿਨੀਆਂ-ਇਕ ਅਧਿਆਤਮਿਕਤਾ ਦੇ ਚਿੰਨ੍ਹ ਵਜੋਂ ਅਤੇ ਦੂਜੀ ਸੰਸਾਰੀ ਰਹੁ-ਰੀਤੀ ਦੇ ਚਿੰਨ੍ਹ ਵਜੋਂ। ਗੁਰੂ ਜੀ ਨੇ ਅਕਾਲ ਬੁੰਗੇ (ਅਕਾਲ ਤਖ਼ਤ) ਤੇ ਬੈਠ ਕੇ ਆਪਣੇ ਪੈਰੋਕਾਰਾਂ ਦੇ ਝਗੜੇ ਨਜਿੱਠੇ। ਸਿੱਖ ਕੌਮ ਨੂੰ ਹਥਿਆਰਬੰਦ ਕਰਨ ਪਿੱਛੇ ਗੁਰੂ ਹਰਿਗੋਬਿੰਦ ਜੀ ਦਾ ਕੋਈ ਰਾਜਸੀ ਮਨੋਰਥ ਨਹੀਂ ਸੀ। ਇਹ ਨਿਰੋਲ ਨਿੱਜੀ ਸੁਰੱਖਿਆ ਲਈ ਹੀ ਸੀ।

## ਗੁਰੂ ਹਰਿ ਰਾਇ ਜੀ

**ਗੁਰੂ ਹਰਿ ਰਾਇ ਜੀ** (1644-1661) - ਨੇ ਨਿਮਰਤਾ ਦਾ ਪ੍ਰਚਾਰ ਕੀਤਾ ਅਤੇ ਕਿਸੇ ਨਾਲ ਵੀ ਕਿਸੇ ਤਰ੍ਹਾਂ ਦੀ ਟਕਰਾਅ ਦੀ ਨੀਤੀ ਨੂੰ ਨਾਪਸੰਦ ਕੀਤਾ ਭਾਵੇਂ ਆਪ ਨੇ ਆਪਣੇ ਕੋਲ ਕੁਝ ਸੈਨਿਕ ਵੀ ਰੱਖੇ। ਆਪ ਨੇ ਲੰਗਰ ਸਮੇਤ ਨਿਤ-ਪ੍ਰਤੀ ਕਾਰਜਾਂ ਨੂੰ ਜਾਰੀ ਰੱਖਿਆ। ਆਪ ਆਪਣੇ ਹੱਥਾਂ ਨਾਲ ਕੁਝ ਨਾ ਕੁਝ ਕਮਾ ਕੇ ਸਧਾਰਨ ਭੋਜਨ ਛਕਦੇ ਸਨ।

## ਗੁਰੂ ਹਰਿਕ੍ਰਿਸ਼ਨ ਜੀ

**ਗੁਰੂ ਹਰਿਕ੍ਰਿਸ਼ਨ ਜੀ** (1661-1664) - ਪੰਜ ਸਾਲ ਦੀ ਆਯੂ ਵਿਚ ਗੁਰਗੱਦੀ ਤੇ ਬੈਠੇ। ਆਪ ਆਦਿ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਕਰਨ ਵਿਚ ਲਾਜਵਾਬ ਯੋਗਤਾ ਰੱਖਦੇ ਸਨ। ਔਰੰਗਜ਼ੇਬ ਬਾਦਸ਼ਾਹ ਨੇ ਆਪ ਨੂੰ ਦਿੱਲੀ ਸੱਦਿਆ ਜਿਥੇ ਚੇਚਕ ਨਿਕਲਣ ਨਾਲ ਅੱਠ ਸਾਲ ਦੀ ਉਮਰ ਵਿਚ ਆਪ ਜੋਤੀ ਜੋਤ ਸਮਾ ਗਏ।

## ਗੁਰੂ ਤੇਗ ਬਹਾਦਰ ਜੀ

**ਗੁਰੂ ਤੇਗ ਬਹਾਦਰ ਜੀ** (1664-1675) - ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ ਜੋ ਰਿਸ਼ਤੇ ਵਿਚ ਗੁਰੂ ਹਰਿਕ੍ਰਿਸ਼ਨ ਜੀ ਦੇ ਬਾਬਾ ਜੀ ਸਨ। ਆਪ ਨੌਵੇਂ ਗੁਰੂ ਬਣੇ। ਆਪ ਨੂੰ ਮਾਲਵੇ ਦੇ ਕਿਸਾਨਾਂ ਨੂੰ ਮੁਗ਼ਲ ਸਰਕਾਰ ਵਿਰੁੱਧ ਭੜਕਾਉਣ ਦੇ ਝੂਠੇ ਦੋਸ਼ ਵਿਚ ਗ੍ਰਿਫ਼ਤਾਰ ਕਰ ਕੇ ਦਿੱਲੀ ਵਿਚ ਮੱਘਰ ਸੁਦੀ ਪੰਚਮੀ, 1675 ਨੂੰ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਕਰ ਦਿੱਤਾ ਗਿਆ। ਗੁਰੂ ਤੇਗ ਬਹਾਦਰ ਜੀ ਨੇ ਮੁਗਲਾਂ ਦੀ ਜਬਰੀ ਤੌਰ ਤੇ ਲੋਕਾਂ ਦਾ ਧਰਮ ਪਰਿਵਰਤਨ ਕਰਨ ਦੀ ਨੀਤੀ ਵਿਰੁੱਧ ਇਤਰਾਜ਼ ਕੀਤਾ। ਸਿੱਖ ਇਤਿਹਾਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਇਕ ਮਾਮੂਲੀ ਘਟਨਾ ਨਹੀਂ ਸੀ। ਇਸ ਦੇ ਮਹਾਨ ਨਤੀਜੇ ਨਿਕਲੇ। ਇਸ ਸ਼ਹੀਦੀ ਲਈ ਤਿਆਰ ਹੋਣਾ ਸਰਕਾਰ ਸਾਹਮਣੇ ਝੁਕਣ ਦੀ ਕਿਸੇ ਭਾਵਨਾ ਦਾ ਸੰਕੇਤ ਨਹੀਂ ਸੀ। ਇਹ ਤਾਂ ਉਤਪੰਨ ਹੋਈ ਇਕ ਸਥਿਤੀ ਦਾ ਸਾਹਮਣਾ ਕਰਨ ਲਈ ਇਕ ਉੱਚ-ਸਾਹਸੀ ਅਤੇ ਸੋਚਿਆ ਵਿਚਾਰਿਆ ਤੇ ਨਰੋਆ ਨਿਰਣਾ ਸੀ।

## ਗੁਰੂ ਗੋਬਿੰਦ ਸਿੰਘ ਜੀ

**ਗੁਰੂ ਗੋਬਿੰਦ ਸਿੰਘ ਜੀ** (1675-1708) - ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਆਪਣੀ ਕੌਮ ਵਿਚ ਅੰਦਰੂਨੀ ਸੰਗਠਨਤਾ ਪੈਦਾ ਕਰਨ ਅਤੇ ਆਪਣੇ ਪੈਰੋਕਾਰਾਂ ਨੂੰ ਬਾਹਰੀ ਸੁਰੱਖਿਆ ਪ੍ਰਦਾਨ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਆਪ ਨੇ ਆਪਣੇ ਸਿੱਖਾਂ ਨੂੰ ਦੋਧਾਰੇ ਖੰਡੇ ਦਾ ਅੰਮ੍ਰਿਤ ਛਕਾ ਕੇ ਅਤੇ ਸ਼ਸ਼ਤਰਾਂ ਨੂੰ ਉਨ੍ਹਾਂ ਦੇ ਇਕ ਅਭਿੰਨ ਅੰਗ ਬਣਾ ਕੇ, ਉਨ੍ਹਾਂ ਅੰਦਰ ਜ਼ੁਲਮ ਅਤੇ ਅਨਿਆਂ ਵਿਰੁੱਧ ਸੰਘਰਸ਼ ਕਰਨ ਲਈ ਉਨ੍ਹਾਂ ਨੂੰ ਇਕ ਸ਼ਕਤੀਸ਼ਾਲੀ ਜਥੇਬੰਦੀ ਵਿਚ ਬਦਲ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਆਪਣੀ ਸਖ਼ਸ਼ੀਅਤ ਦਾ ਵਰਦਾਨ ਬਖਸ਼ਿਆ ਅਤੇ ਅਗਾਂਹ ਲਈ ਖ਼ਾਲਸਾ ਪੰਥ ਨੂੰ ਆਪਣਾ ਹੀ ਰੂਪ ਸਮਝਣ ਲਈ ਆਦੇਸ਼ ਦਿੱਤਾ ਅਤੇ ਦੱਸਿਆ ਕਿ ਆਪ ਸਦਾ ਖ਼ਾਲਸੇ ਵਿਚ ਹੀ ਨਿਵਾਸ ਕਰਨਗੇ। ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿਚ ਇਹ ਇਕ ਅਨੋਖੀ ਘਟਨਾ ਸੀ ਕਿ ਜਿਨ੍ਹਾਂ ਪੰਜ ਪਿਆਰਿਆਂ ਨੂੰ ਆਪ ਅੰਮ੍ਰਿਤ ਦੀ ਦਾਤ ਬਖ਼ਸ਼ੀ ਸੀ ਉਨ੍ਹਾਂ ਹੱਥ ਹੀ ਆਪਣੇ ਲਈ ਅੰਮ੍ਰਿਤ ਦੀ ਦਾਤ ਮੰਗੀ ਅਤੇ ਉਨ੍ਹਾਂ ਸਿੱਖਾਂ ਲਈ ਨਿਰਧਾਰਤ ਕੀਤੀ ਰਹਿਤ ਦੀ ਆਪ ਵੀ ਓਨੀ ਹੀ ਦ੍ਰਿੜ੍ਹਤਾ ਨਾਲ ਪਾਲਣਾ ਕਰਨ ਦਾ ਬਚਨ ਦਿੱਤਾ। ਜਿਸ ਖ਼ਾਲਸੇ ਨੂੰ ਆਪ ਸਾਜਿਆ ਸੀ ਉਸੇ ਨੂੰ ਆਪ ਪ੍ਰਣਾਮ ਕੀਤਾ ਅਤੇ ਉਸ ਨੂੰ ਆਪਣਾ ਆਦਰਸ਼ ਅਤੇ ਆਗੂ ਮੰਨ ਲਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਅਤੇ ਕੌਮ ਦੀ ਅਗਵਾਈ ਖ਼ਾਲਸਾ ਪੰਥ ਨੂੰ ਬਖ਼ਸ਼ੀ। ਆਪ ਨੇ ਪੰਥ ਦੀ ਚੜ੍ਹਦੀ ਕਲਾ ਲਈ ਮਹਾਨ ਬਲੀਦਾਨ ਦਿੱਤੇ। ਆਪ ਨੇ ਖ਼ਾਲਸਾ ਪੰਥ ਨੂੰ ਸਦਾ ਸੁਰਜੀਤ ਅਤੇ ਉੱਚੀ ਸ਼ਾਨ ਵਿਚ ਰੱਖਣ ਲਈ ਆਪਣੇ ਪਿਤਾ ਜੀ ਦਾ, ਆਪਣੇ ਪੁੱਤਰਾਂ, ਆਪਣੇ ਮਾਤਾ ਜੀ ਤੇ ਆਖ਼ਰਕਾਰ ਆਪਣੇ ਆਪ ਨੂੰ ਪੰਥ ਉੱਤੋਂ ਦੀ ਵਾਰ ਦਿੱਤਾ। ਆਪ ਆਪਣੀ 42 ਸਾਲਾ ਉਮਰ ਵਿਚ ਕਦੇ ਵੀ ਬੇਇਨਸਾਫ਼ੀ ਅਤੇ ਜਬਰ ਦੇ ਸਾਹਮਣੇ ਝੁਕੇ ਨਹੀਂ। ਗੁਰੂ ਜੀ ਉੱਤੇ ਕਈ ਲੜਾਈਆਂ ਥੋਪੀਆਂ ਗਈਆਂ ਜੋ ਆਪ ਨੇ ਬੜੀ ਬਹਾਦਰੀ ਨਾਲ ਲੜੀਆਂ। ਆਪ ਨੇ ਤਲਵਾਰ ਨੂੰ ਕਿਸੇ ਸ਼ੌਂਕ ਵਜੋਂ ਨਹੀਂ ਸਗੋਂ ਅੰਤਿਮ ਮਜ਼ਬੂਰੀ ਸਮੇਂ ਚੁੱਕਿਆ।

## ਸਿੱਖ ਗੁਰੂਆਂ ਅਤੇ ਮੁਗ਼ਲ ਬਾਦਸ਼ਾਹਾਂ ਦੇ ਸਬੰਧ

**ਸਿੱਖ ਗੁਰੂਆਂ ਅਤੇ ਮੁਗ਼ਲ ਬਾਦਸ਼ਾਹਾਂ ਦੇ ਸਬੰਧ** - ਗੁਰੂ ਨਾਨਕ ਦੇਵ ਜੀ ਭਾਰਤ ਵਿਚ ਮੁਗ਼ਲ ਰਾਜ ਦੇ ਸੰਸਥਾਪਕ ਬਾਬਰ ਦੇ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਦਸ਼ਾਹ ਔਰੰਗਜ਼ੇਬ ਦੇ ਸਮਕਾਲੀ ਸਨ। ਪਹਿਲੇ ਪੰਜ ਗੁਰੂ ਸਾਹਿਬਾਨ

ਨਾਲ ਅਕਬਰ ਦੀ ਮੌਤ ਤੱਕ ਮੁਗ਼ਲਾਂ ਦੇ ਸਬੰਧ ਸੁਖਾਵੇਂ ਰਹੇ। ਅਕਬਰ ਦੀ ਸ਼ਹਿਨਸ਼ੀਲ ਧਾਰਮਿਕ ਨੀਤੀ ਦੇ ਫਲਸਰੂਪ ਸਿੱਖਾਂ ਨੇ ਆਪਣੇ ਮਿਸ਼ਨ ਵਿਚ ਬੜੀ ਉੱਨਤੀ ਕੀਤੀ ਪਰ ਪਿੱਛੋਂ ਮੁਗ਼ਲਾਂ ਦੀ ਧਾਰਮਿਕ ਨੀਤੀ ਵਿਚ ਪਰਿਵਰਤਨ ਕਾਰਨ ਸਿੱਖਾਂ ਨੂੰ ਬੜੇ ਕਸ਼ਟ ਝੱਲਣੇ ਪਏ। ਇਨ੍ਹਾਂ ਨੂੰ ਨਾਗਰਿਕਤਾ ਦੇ ਪੂਰੇ ਹੱਕਾਂ ਤੋਂ ਵੀ ਵਾਂਝਿਆਂ ਕਰ ਦਿੱਤਾ ਗਿਆ।

ਬਾਬਰ ਦੇ ਤੀਜੇ ਹਮਲੇ ਵਿਚ 1520 ਈ. ਵਿਚ ਬਾਬਰ ਨੇ ਗੁਜਰਾਂਵਾਲਾ ਜ਼ਿਲ੍ਹੇ ਦੇ ਨਗਰ ਐਮਨਾਬਾਦ ਨੂੰ ਬੁਰੀ ਤਰ੍ਹਾਂ ਬਰਬਾਦ ਕਰ ਦਿੱਤਾ। ਉਸ ਵੇਲੇ ਗੁਰੂ ਨਾਨਕ ਦੇਵ ਜੀ ਸੈਦਪੁਰ ਵਿਚ ਸਨ ਤੇ ਉਨ੍ਹਾਂ ਨੇ ਬਹੁਤ ਨੇੜਿਓਂ ਪੰਜਾਬੀਆਂ ਉੱਤੇ ਤਸ਼ੱਦਦ ਹੁੰਦਾ ਵੇਖਿਆ। ਗੁਰੂ ਜੀ ਨੇ ਬੜੇ ਦੁਖੀ ਹਿਰਦੇ ਨਾਲ ਆਪਣੀ ਬਾਣੀ ਵਿਚ ਲਿਖਿਆ –

**ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**
**ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥**
**ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰ ॥**

ਗੁਰੂ ਅੰਗਦ ਸਾਹਿਬ ਅਤੇ ਹਮਾਯੂੰ ਵਿਚਕਾਰ 1540 ਈ. ਵਿਚ ਹੋਈ ਮੁਲਾਕਾਤ ਦਾ ਪੁਰਾਤਨ ਲਿਖਤਾਂ ਵਿਚ ਆਮ ਜ਼ਿਕਰ ਮਿਲਦਾ ਹੈ। ਸ਼ੇਰ ਸ਼ਾਹ ਸੂਰੀ ਹੱਥੋਂ ਹਾਰ ਖਾ ਕੇ ਹਮਾਯੂੰ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਸਾਹਿਬ ਨੂੰ ਮਿਲਿਆ। ਕਿਹਾ ਜਾਂਦਾ ਹੈ ਕਿ ਗੁਰ ਜੀ ਸਮਾਧੀ ਵਿਚ ਬੈਠੇ ਸਨ ਤੇ ਹਮਾਯੂੰ ਨੂੰ ਕੁਝ ਪਲ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੋਣਾ ਪਿਆ। ਹਮਾਯੂੰ ਨੇ ਖਿੱਝ ਕੇ ਆਪਣੀ ਤਲਵਾਰ ਦੇ ਦਸਤੇ ਵੱਲ ਹੱਥ ਮਾਰਿਆ। ਗੁਰੂ ਸਾਹਿਬ ਨੇ ਅੱਖਾਂ ਖੋਲ੍ਹ ਕੇ ਹਮਾਯੂੰ ਨੂੰ ਆਖਿਆ ਕਿ ਉਹ ਬੁਜ਼ਦਿਲਾਂ ਦੀ ਤਰ੍ਹਾਂ ਲੜਾਈ ਦੇ ਮੈਦਾਨ ਵਿਚੋਂ ਤਾਂ ਭੱਜ ਆਇਆਂ ਹੈ ਤੇ ਮਾਸੂਮ ਅਤੇ ਸ਼ਸਤਰਹੀਣ ਰੱਬ ਦੇ ਬੰਦਿਆਂ ਉੱਤੇ ਤਲਵਾਰ ਚਲਾਉਣਾ ਚਾਹੁੰਦਾ ਹੈ। ਉਨ੍ਹਾਂ ਆਖਿਆ ਕਿ ਕੁਝ ਦੇਰ ਕਸ਼ਟ ਝੱਲਣਾ ਪਵੇਗਾ ਪਰ ਅੰਤ ਰਾਜ ਉਸ ਨੂੰ ਮੁੜ ਪ੍ਰਾਪਤ ਹੋ ਜਾਵੇਗਾ।

ਗੁਰੂ ਅਮਰ ਦਾਸ ਜੀ ਅਤੇ ਅਕਬਰ ਵਿਚਕਾਰ ਸਬੰਧ ਬਹੁਤ ਸੁਖਾਵੇਂ ਰਹੇ। ਲਾਹੌਰ ਤੋਂ ਵਾਪਸ ਜਾਂਦਿਆਂ ਅਕਬਰ ਗੋਇੰਦਵਾਲ ਵਿਚ ਗੁਰੂ ਸਾਹਿਬ ਨੂੰ ਮਿਲਿਆ ਅਤੇ ਗੁਰੂ ਜੀ ਦੀ ਨਿਰਧਾਰਤ ਪ੍ਰਥਾ ਅਨੁਸਾਰ ਲੰਗਰ ਵਿਚੋਂ ਪ੍ਰਸ਼ਾਦ ਛਕਣ ਉਪਰੰਤ ਹੀ ਗੁਰੂ ਜੀ ਨੂੰ ਮਿਲਿਆ ਸੀ। ਅਕਬਰ ਨੇ ਲੰਗਰ ਦੇ ਨਾਂ ਜਾਗੀਰ ਲਾ ਦੇਣ ਦੀ ਇੱਛਾ ਪ੍ਰਗਟ ਕੀਤੀ ਜੋ ਗੁਰੂ ਜੀ ਨੇ ਪਿਆਰ ਸਹਿਤ ਅਸਵੀਕਾਰ ਦਿੱਤੀ ਪਰ ਪਿੱਛੋਂ ਅਕਬਰ ਨੇ ਕਈ ਪਿੰਡਾਂ ਦੀ ਜਾਗੀਰ ਗੁਰੂ ਜੀ ਦੀ ਬੇਟੀ ਬੀਬੀ ਭਾਨੀ ਜੀ ਦੇ ਨਾਂ ਲਾ ਦਿੱਤੀ।

ਗੁਰੂ ਰਾਮ ਦਾਸ ਜੀ ਅਤੇ ਅਕਬਰ ਵਿਚਕਾਰ ਵੀ ਸਬੰਧ ਮਿੱਤਰਤਾ ਪੂਰਵਕ ਰਹੇ। ਅਕਬਰ ਅਤੇ ਗੁਰੂ ਰਾਮ ਦਾਸ ਜੀ ਵਿਚਕਾਰ ਲਾਹੌਰ ਵਿਚ ਮੁਲਾਕਾਤ ਹੋਈ। ਉਸ ਵੇਲੇ ਗੁਰੂ ਰਾਮ ਦਾਸ ਜੀ ਗੁਰੂ ਨਹੀਂ ਸਨ ਬਣੇ। ਉਹ ਗੁਰੂ ਅਮਰ ਦਾਸ ਜੀ ਵੱਲੋਂ ਅਕਬਰ ਨੂੰ ਮਿਲਣ ਲਾਹੌਰ ਗਏ ਸਨ। ਅਕਬਰ ਉਨ੍ਹਾਂ ਨੂੰ ਮਿਲ ਕੇ ਬਹੁਤ ਪ੍ਰਭਾਵਿਤ ਹੋਇਆ ਸੀ। 'ਅਕਬਰ-ਨਾਮਾ' ਅਨੁਸਾਰ ਗੁਰੂ ਅਰਜਨ ਦੇਵ ਜੀ ਅਤੇ ਅਕਬਰ ਵਿਚਕਾਰ 24 ਨਵੰਬਰ, 1598 ਨੂੰ ਮੁਲਾਕਾਤ ਹੋਈ। ਅਕਬਰ ਗੁਰੂ ਜੀ ਨੂੰ ਮਿਲ ਕੇ ਬੜਾ ਪ੍ਰਸੰਨ ਹੋਇਆ ਤੇ ਗੁਰੂ ਜੀ ਦੇ ਕਹਿਣ ਤੇ ਬਾਦਸ਼ਾਹ ਨੇ ਜੱਟਾਂ ਦੇ ਮਾਮਲੇ ਦਾ ਛੇਵਾਂ ਹਿੱਸਾ ਮੁਆਫ਼ ਕਰ ਦਿੱਤਾ। ਕਈ ਈਰਖਾਲੂ ਲੋਕ ਗੁਰੂ ਜੀ ਵਿਰੁੱਧ ਅਯੋਗ ਸ਼ਿਕਾਇਤਾਂ ਕਰਦੇ ਰਹਿੰਦੇ ਸਨ ਪਰ ਅਕਬਰ ਗੁਰੂ ਜੀ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਹਮੇਸ਼ਾ ਸੰਤੁਸ਼ਟ ਅਤੇ ਖੁਸ਼ ਹੁੰਦਾ ਰਿਹਾ।

ਗੁਰੂ ਅਰਜਨ ਦੇਵ ਸਾਹਿਬ ਅਤੇ ਜਹਾਂਗੀਰ ਵਿਚਕਾਰ ਸਬੰਧਾਂ ਨੇ ਇਕ ਖ਼ਤਰਨਾਕ ਮੋੜ ਲਿਆ। ਗੁਰੂ ਸਾਹਿਬ ਦੇ ਸਮੇਂ ਪੰਜਾਬ ਵਿਚ ਸਿੱਖਾਂ ਦੇ ਵੱਧ ਰਹੇ ਪ੍ਰਭਾਵ ਨੂੰ ਮੁਸਲਮਾਨਾਂ ਵਿਚ ਕੱਟੜਪੰਥੀ ਲੋਕ ਸਹਾਰ ਨਾ ਸਕੇ ਤੇ ਜਹਾਂਗੀਰ ਜਿਸ ਵਿਚ ਆਪਣੇ ਪਿਤਾ ਵਾਲੀ ਸਹਿਣਸ਼ੀਲਤਾ ਨਹੀਂ ਸੀ, ਦੇ ਨਿਰਦਈ ਹੁਕਮ ਨਾਲ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਅਤੇ ਜਹਾਂਗੀਰ ਵਿਚਕਾਰ ਸਬੰਧ ਸੁਖਾਵੇਂ ਨਹੀਂ ਸੀ ਰਹਿ ਸਕਦੇ। ਗੁਰੂ ਸਾਹਿਬ ਦੇ ਪੈਰੋਕਾਰ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹੀਦੀ ਨੂੰ ਸਹਿ ਨਹੀਂ ਸਨ ਸਕਦੇ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਅਤੇ ਆਪਣੇ ਸਿੱਖਾਂ ਦੇ ਬਚਾਉ ਲਈ ਤਲਵਾਰ ਚੁੱਕੀ। ਉਨ੍ਹਾਂ ਨੂੰ ਜਹਾਂਗੀਰ ਦੇ ਹੁਕਮ ਨਾਲ ਗਵਾਰੀਅਰ ਦੇ ਕਿਲ੍ਹੇ ਵਿਚ ਕੁਝ ਸਮੇਂ ਲਈ ਕੈਦ ਵਿਚ ਵੀ ਰਹਿਣਾ ਪਿਆ। ਪਿੱਛੋਂ ਜਹਾਂਗੀਰ ਨੇ ਗੁਰੂ ਜੀ ਪ੍ਰਤੀ ਆਪਣੀ ਨੀਤੀ ਵਿਚ ਕੁਝ ਤਬਦੀਲੀ ਲਿਆਂਦੀ।

ਬਾਦਸ਼ਾਹ ਸ਼ਾਹਜਹਾਨ ਸਮੇਂ ਸਬੰਧ ਫਿਰ ਅਸੁਖਾਵੇਂ ਹੋ ਗਏ ਤੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਮੁਗ਼ਲ ਫੌਜਾਂ ਵਿਚਕਾਰ ਕਈ ਲੜਾਈਆਂ ਹੋਈਆਂ।

ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਅਤੇ ਗੁਰੂ ਤੇਗ ਬਹਾਦਰ ਜੀ ਵੱਲ ਮੁਗ਼ਲ ਬਾਦਸ਼ਾਹ ਦੇ ਰਵੱਈਏ ਸਬੰਧੀ ਪਿੱਛੇ ਜ਼ਿਕਰ ਆ ਚੁੱਕਾ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਸੁਰੱਖਿਆ ਲਈ ਫਿਰ ਤਲਵਾਰ ਚੁੱਕਣੀ ਪਈ ਅਤੇ ਮੁਗ਼ਲਾਂ ਵੱਲੋਂ ਅਨੰਦਪੁਰ ਸਾਹਿਬ ਵੱਲ ਭੇਜੀਆਂ ਕਈ ਮੁਹਿੰਮਾਂ ਦਾ ਟਾਕਰਾ ਕਰਨਾ ਪਿਆ। ਉਨ੍ਹਾਂ ਦਾ ਟੀਚਾ ਭਾਵੇਂ ਸਦਾ ਲੜਾਈਆਂ ਵਿਚ ਹੀ ਰੁੱਝੇ ਰਹਿਣਾ ਨਹੀਂ ਸੀ ਪਰ ਅਨਿਆਂ ਅਤੇ ਜ਼ੁਲਮ ਅੱਗੇ ਝੁਕਣਾ ਉਨ੍ਹਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਸੀ। ਔਰੰਗਜ਼ੇਬ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਚਕਾਰਲੀ ਖ਼ਤੋ ਕਿਤਾਬਤ ਨੇ, ਅੰਤਿਮ ਦਿਨਾਂ ਵਿਚ ਔਰੰਗਜ਼ੇਬ ਨੂੰ ਇਸ ਗੱਲ ਦਾ ਅਹਿਸਾਸ ਕਰਵਾ ਦਿੱਤਾ ਕਿ ਉਸ ਨੂੰ ਉਹ ਸਭ ਕੁਝ ਨਹੀਂ ਕਰਨਾ ਚਾਹੀਦਾ ਸੀ ਜੋ ਉਹ ਕਰਦਾ ਰਿਹਾ ਅਤੇ ਜੋ ਕਰਨਾ ਚਾਹੀਦਾ ਸੀ ਉਹ ਉਸ ਨੇ ਹੀ ਨਹੀਂ ਕੀਤਾ ਤੇ ਆਪਣੀਆਂ ਅਤਿ ਭੈੜੀਆਂ ਕਰਤੂਤਾਂ ਕਾਰਨ ਔਰੰਗਜ਼ੇਬ ਭਿਆਨਕ ਪਛਤਾਵੇ ਵਿਚ ਮਰਿਆ।

ਔਰੰਗਜ਼ੇਬ ਦੇ ਉੱਤਰਾਧਿਕਾਰੀ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਵੱਲ ਰਵੱਈਏ ਵਿਚ ਪਰਿਵਰਤਨ ਕੀਤਾ ਅਤੇ ਮਿੱਤਰਤਾ ਦਾ ਰਾਹ ਅਪਣਾਇਆ। ਉਸ ਨੇ ਆਪਣੀ ਤਖ਼ਤ ਨਸ਼ੀਨੀ ਸਮੇਂ ਗੁਰੂ ਜੀ ਤੋਂ ਸਹਾਇਤਾ ਵੀ ਮੰਗੀ।

## ਬੰਦਾ ਸਿੰਘ ਬਹਾਦਰ ਦੇ ਸੈਨਿਕ ਕਾਰਨਾਮੇ

**ਬੰਦਾ ਸਿੰਘ ਬਹਾਦਰ ਦੇ ਸੈਨਿਕ ਕਾਰਨਾਮੇ** - ਬੰਦਾ ਸਿੰਘ ਇਕ ਵੈਰਾਗੀ ਸਾਧੂ ਦੇ ਰੂਪ ਵਿਚ ਦੱਖਣ ਵੱਲ ਘੁੰਮ ਰਿਹਾ ਸੀ ਜਿਥੇ 1708 ਈ. ਵਿਚ ਇਸਦੀ ਗੁਰੂ ਗੋਬਿੰਦ ਜੀ ਨਾਲ ਮੁਲਾਕਾਤ ਹੋਈ। ਇਹ ਮੁਗ਼ਲਾਂ ਵੱਲੋਂ ਪੰਜਾਬ ਵਿਚ ਸਿੱਖਾਂ ਵਿਰੁੱਧ ਜ਼ੁਲਮ ਦੀਆਂ ਕਾਰਵਾਈਆਂ ਦੀ ਵਿਥਿਆ ਸੁਣ ਕੇ ਬਹੁਤ ਕ੍ਰੋਧ ਵਿਚ ਆਇਆ ਤੇ ਗੁਰੂ ਸਾਹਿਬ ਦੀ ਆਗਿਆ ਨਾਲ ਪੰਜਾਬ ਨੂੰ ਚੱਲ ਪਿਆ ਜਿਥੇ ਮੁਗ਼ਲਾਂ ਦਾ ਰਾਜ ਸਮਾਪਤ ਕਰਨ ਲਈ ਆਪਣਾ ਪ੍ਰੋਗਰਾਮ ਉਲੀਕਿਆ।

ਪੰਜਾਬ ਵਿਚ ਆਉਂਦਿਆਂ ਹੀ ਪੰਜ ਸੌ ਸਿੱਖਾਂ ਨੂੰ ਨਾਲ ਲੈ ਕੇ ਸੋਨੀਪਤ ਉੱਤੇ ਧਾਵਾ ਬੋਲ ਦਿੱਤਾ ਜਿਥੇ ਸ਼ਾਹੀ ਖਜ਼ਾਨਾ ਲੁਟਿਆ ਤੇ ਇਸ ਪਿਛੋਂ 11 ਨਵੰਬਰ, 1709 ਈ. ਨੂੰ ਸਮਾਣੇ ਉੱਤੇ ਹੱਲਾ ਬੋਲ ਦਿੱਤਾ। ਉਸ ਵੇਲੇ

ਸਮਾਣਾ ਇਕ ਬੜਾ ਅਮੀਰ ਸ਼ਹਿਰ ਸੀ। ਦਿੱਲੀ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਸੱਯਦ ਜਲਾਲ-ਉਦ-ਦੀਨ ਸਮਾਣੇ ਦਾ ਰਹਿਣ ਵਾਲਾ ਸੀ। ਇਸ ਹਮਲੇ ਸਮੇਂ ਸਮਾਣੇ ਦਾ ਭਾਰੀ ਨੁਕਸਾਨ ਹੋਇਆ। ਸ਼ਹਿਰ ਉੱਤੇ ਸਿੱਖਾਂ ਨੇ ਕਬਜ਼ਾ ਕਰ ਲਿਆ। ਸਿੱਖ ਫ਼ੌਜ ਵਿਚ ਨਿਤ ਵਾਧਾ ਹੁੰਦਾ ਗਿਆ।

ਇਸ ਪਿੱਛੋਂ ਘੁੜਾਮ, ਠਸਕਾ, ਮੁਸਤਫ਼ਾਬਾਦ ਅਤੇ ਕਪੂਰੀ ਉੱਤੇ ਕਬਜ਼ਾ ਕਰ ਲਿਆ। ਇਨ੍ਹਾਂ ਥਾਵਾਂ ਦੇ ਹਾਕਮ ਨਿਰਦਈ ਅਤੇ ਬਦਇਖ਼ਲਾਕ ਸਨ ਜਿਨ੍ਹਾਂ ਨੂੰ ਕਰੜੀ ਮਾਰ ਦਿੱਤੀ ਅਤੇ ਉਨ੍ਹਾਂ ਦੀਆਂ ਹਵੇਲੀਆਂ ਨੂੰ ਸਾੜ ਦਿੱਤਾ। ਕਪੂਰੀ ਤੋਂ ਅਗਲਾ ਨਿਸ਼ਾਨਾ ਸਢੌਰਾ ਸੀ। ਉਥੋਂ ਦਾ ਹਾਕਮ ਉਸਮਾਨ ਖਾਂ ਆਪਣੇ ਅੱਤਿਆਚਾਰਾਂ ਲਈ ਬਹੁਤ ਬਦਨਾਮ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹਮਾਇਤੀ ਪੀਰ ਬੁੱਧੂ ਸ਼ਾਹ ਨੂੰ ਤਸੀਹੇ ਦੇ ਕੇ ਮਰਵਾ ਦਿੱਤਾ ਸੀ। ਸਢੌਰਾ ਵਿਚ ਮੁਸਲਮਾਨਾਂ ਦੇ ਭਾਰੀ ਜਾਨੀ ਨੁਕਸਾਨ ਤੋਂ ਬਾਅਦ ਸਿੱਖਾਂ ਨੇ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ।

12 ਮਈ, 1710 ਨੂੰ ਸਰਹਿੰਦ ਤੋਂ ਲਗਭਗ ਦਸ ਮੀਲ ਦੂਰ ਵਜ਼ੀਰ ਖਾਂ (ਸੂਬਾ ਸਰਹਿੰਦ) ਅਤੇ ਸਿੱਖਾਂ ਦੀਆਂ ਫੌਜਾਂ ਵਿਚ ਲੜਾਈ ਹੋਈ। ਸਰਹਿੰਦ ਦੇ ਵਿਰੁੱਧ ਸਿੱਖਾਂ ਨੂੰ ਬਹੁਤ ਗੁੱਸਾ ਸੀ ਕਿਉਂਕਿ ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਸੀ ਤੇ ਸਰਹਿੰਦ ਦੇ ਹਾਕਮ ਵਜ਼ੀਰ ਖਾਂ ਦੀਆਂ ਫੌਜਾਂ ਨਾਲ ਲੜਦੇ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਸ਼ਹੀਦ ਹੋ ਗਏ ਸਨ। ਚਪੜਚਿੜੀ ਦੀ ਲੜਾਈ ਜਿੱਤ ਕੇ 14 ਮਈ, 1710 ਈ. ਨੂੰ ਸਿੱਖ ਸਰਹਿੰਦ ਸ਼ਹਿਰ ਵਿਚ ਦਾਖਲ ਹੋ ਗਏ। ਸ਼ਹਿਰ ਦਾ ਭਾਰੀ ਨੁਕਸਾਨ ਹੋਣਾ ਸੁਭਾਵਕ ਸੀ।

ਇਸ ਤੋਂ ਪਿੱਛੋਂ ਬਾਬਾ ਬੰਦਾ ਸਿੰਘ ਨੇ ਜਮਨਾ ਗੰਗਾ ਦੁਆਬ, ਜਲੰਧਰ ਦੁਆਬ, ਅੰਮ੍ਰਿਤਸਰ, ਬਟਾਲਾ, ਕਲਾਨੌਰ ਅਤੇ ਪਠਾਨਕੋਟ ਉੱਤੇ ਕਬਜ਼ਾ ਕਰ ਲਿਆ। ਬਾਬਾ ਬੰਦਾ ਸਿੰਘ ਦੀਆਂ ਕਾਰਵਾਈਆਂ ਦੀ ਖ਼ਬਰ ਸੁਣ ਕੇ ਦਿੱਲੀ ਤੋਂ ਸ਼ਾਹੀ ਫੌਜਾਂ ਭੇਜੀਆਂ ਗਈਆਂ ਅਤੇ ਲਾਹੌਰ ਦੇ ਗਵਰਨਰ ਨੂੰ ਵੀ ਸਿੱਖਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਹੁਕਮ ਦਿੱਤਾ ਗਿਆ। 10 ਨਵੰਬਰ, 1710 ਨੂੰ ਬਾਦਸ਼ਾਹ ਬਹਾਦਰ ਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਜਿਥੇ ਵੀ ਨਾਨਕ ਪ੍ਰਸਤ (ਗੁਰੂ ਨਾਨਕ ਦੇਵ ਜੀ ਦੇ ਸਿੱਖ) ਮਿਲਣ, ਕਤਲ ਕਰ ਦਿੱਤੇ ਜਾਣ। ਬਾਬਾ ਬੰਦਾ ਸਿੰਘ ਨੇ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ। ਸੰਨ 1712 ਵਿਚ ਬਹਾਦਰ ਸ਼ਾਹ ਦੀ ਮੌਤ ਪਿੱਛੋਂ ਉਸ ਦੇ ਉੱਤਰਾਧਿਕਾਰੀ ਜਹਾਂਦਾਰ ਸ਼ਾਹ ਅਤੇ ਫ਼ਰੁਖਸੀਅਰ ਨੇ ਸਿੱਖਾਂ ਵਿਰੁੱਧ ਆਪਣੀਆਂ ਮੁਹਿੰਮਾਂ ਜਾਰੀ ਰੱਖੀਆਂ। ਅੰਤ ਨੂੰ ਬਾਬਾ ਬੰਦਾ ਸਿੰਘ ਦੇ ਫ਼ਤਹਿ ਕੀਤੇ ਇਲਾਕੇ ਇਸ ਦੇ ਕਬਜ਼ੇ ਵਿਚੋਂ ਨਿਕਲ ਗਏ ਤੇ 1715 ਈ. ਵਿਚ ਗੁਰਦਾਸ ਨੰਗਲ ਦੀ ਲੜਾਈ ਵਿਚ ਬਾਬਾ ਬੰਦਾ ਸਿੰਘ ਫੜਿਆ ਗਿਆ ਤੇ ਆਪਣੇ 740 ਸਾਥੀਆਂ ਸਮੇਤ ਦਿੱਲੀ ਲਿਜਾ ਕੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਨੂੰ ਇਸ ਦੇ ਸਭ ਸਾਥੀਆਂ ਦੇ ਕਤਲ ਤੋਂ ਬਾਅਦ 9 ਜੂਨ, 1716 ਨੂੰ ਸ਼ਹੀਦ ਕੀਤਾ ਗਿਆ।

ਬਾਬਾ ਬੰਦਾ ਸਿੰਘ ਬਹਾਦਰ ਭਾਵੇਂ ਆਪਣੇ ਇਸ ਸੰਘਰਸ਼ ਵਿਚ ਸਫਲ ਨਹੀਂ ਹੋਇਆ ਪਰ ਇਸ ਦੀ ਵਡਿਆਈ ਇਸ ਦੀ ਸਫਲਤਾ ਤੋਂ ਨਹੀਂ ਸਗੋਂ ਇਸ ਦੇ ਉਨ੍ਹਾਂ ਮਹਾਨ ਯਤਨਾਂ ਤੋਂ ਨਾਪੀ ਜਾਂਦੀ ਹੈ ਜੋ ਇਸ ਨੇ ਮੁਗ਼ਲ ਸਰਕਾਰ ਵਿਰੁੱਧ ਸੱਤ ਵਰ੍ਹਿਆਂ ਤੱਕ ਜਾਰੀ ਰੱਖੇ। ਕਈ ਕਾਰਨਾਂ ਕਰਕੇ ਇਸ ਦਾ ਸਫ਼ਲ ਨਾ ਹੋ ਸਕਣਾ ਨਿਸ਼ਚਿਤ ਸੀ। ਮੁਗ਼ਲ ਸਾਮਰਾਜ ਦਾ ਇਸ ਵਿਰੁੱਧ ਮੁਹਿੰਮਾਂ ਦਾ ਆਪ ਨਿਗਰਾਨੀ ਕਰਨਾ, ਬੰਦਾ ਸਿੰਘ ਬਹਾਦਰ ਦੇ ਸੀਮਿਤ ਸਾਧਨ, ਬੰਦਾ ਸਿੰਘ ਬਹਾਦਰ ਦਾ ਗੁਰਦਾਸ ਨੰਗਲ ਵਿਚ ਘੇਰੇ ਜਾਣਾ, ਇਸ ਦੇ ਆਪਣੇ ਸਾਥੀ ਬਾਬਾ ਬਿਨੋਦ ਸਿੰਘ ਨਾਲ ਮੱਤਭੇਦ, ਲਾਹੌਰ ਦੇ ਗਵਰਨਰ ਅਬਦੁਲ ਸਮਦ ਖਾਂ ਦੀਆਂ ਸਖ਼ਤ ਕਾਰਵਾਈਆਂ ਅਤੇ ਬੰਦਾ ਸਿੰਘ ਦੇ ਸੈਨਿਕਾਂ ਦੀ ਲੋੜੀਂਦੀ ਸਿਖਲਾਈ ਦੀ ਘਾਟ ਵਰਗੇ ਕਈ ਕਾਰਨਾਂ ਨੇ ਇਕੱਠੇ ਹੋ ਕੇ ਬੰਦਾ ਸਿੰਘ ਬਹਾਦਰ ਨੂੰ ਉਸ ਨੂੰ ਮਿਸ਼ਨ ਵਿਚ ਸਫਲ ਨਹੀਂ ਹੋਣ ਦਿੱਤਾ। ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਸਮੇਂ ਸਿੱਖਾਂ ਨੇ ਕਈ ਇਲਾਕਿਆਂ ਵਿਚ ਅੱਠ-ਦੱਸ ਮਹੀਨਿਆਂ ਤੱਕ ਆਪਣੇ ਰਾਜ ਦਾ ਜ਼ਾਇਕਾ ਜ਼ਰੂਰ ਚਖ ਲਿਆ ਸੀ ਪਰ ਪੰਜਾਬ ਵਿਚੋਂ ਮੁਗ਼ਲ ਰਾਜ ਸਮਾਪਤ ਕਰ ਸਕਣਾ ਹਾਲੇ ਸੰਭਵ ਨਹੀਂ ਸੀ।

**ਮੁੱਖ ਸਰੋਤ - ਪੰਜਾਬ ਕੋਸ਼, ਭਾਸ਼ਾ ਵਿਭਾਗ, ਪੰਜਾਬ।**

**ਚਲਦਾ**

# ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਖਿਦਰਾਣੇ ਦੀ ਢਾਬ ਤੋਂ ਮੁਕਤਸਰ

ਮੁਕਤਸਰ ਜਿਸ ਦਾ ਪਹਿਲਾਂ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ, ਇਕ ਪ੍ਰਸਿੱਧ ਨਗਰ ਹੈ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਅਸਥਾਨ ਨੂੰ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਗੁਰਸਿੱਖਾਂ ਦੇ ਪਵਿੱਤਰ ਖੂਨ ਨਾਲ ਇਹ ਧਰਤੀ ਹਮੇਸ਼ਾਂ-ਹਮੇਸ਼ਾਂ ਪਾਵਨ ਹੋ ਮੁਕਤਸਰ ਅਖਵਾਈ। ਹੁਣ ਲੋਕ ਇਸ ਪਾਵਨ ਧਰਤੀ, ਪਾਵਨ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫ਼ਲ ਕਰਦੇ ਹਨ। 1701 ਈ. ਤੱਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਇਸ ਲਈ ਉਨ੍ਹਾਂ ਗੁਰੂ ਸਾਹਿਬ ਨਾਲ ਦੋ ਹੱਥ ਕਰਨ ਲਈ ਔਰੰਗਜ਼ੇਬ ਤੋਂ ਫੌਜੀ ਮਦਦ ਦੀ ਮੰਗ ਕੀਤੀ। ਔਰੰਗਜ਼ੇਬ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ, ਲਾਹੌਰ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ।

ਦੁਸ਼ਮਣ ਫੌਜ ਨੂੰ ਆਪਣੀ ਬਹੁ-ਗਿਣਤੀ ’ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ, ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫ਼ੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖਤਮ ਹੋਣ ਨੂੰ ਆ ਗਏ। ਦੁਸ਼ਮਣ ਦੇ ਵਾਰ-ਵਾਰ ਢੰਡੋਰਾ ਦੇਣ ’ਤੇ ਵੀ ਜੇਕਰ ਕੋਈ ਖਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ। ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਗੁਰੂ ਸਾਹਿਬ ਨੂੰ ਕੁਝ ਸਿੰਘਾਂ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਪੇਟ ਦੀ ਭੁੱਖ ਸਹਿਣੀ ਕੋਈ ਸੁਖਾਲੀ ਨਹੀਂ। ਇਹ ਇਨਸਾਨ ਨੂੰ ਕੁਝ ਵੀ ਕਰਨ ਵਾਸਤੇ ਮਜਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ 40 ਸਿੰਘਾਂ ਨੇ ਅਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗੁਰੂ ਜੀ ਦੇ ਪੇਸ਼ ਹੋ ਇਨ੍ਹਾਂ ਸਿੰਘਾਂ ਬੇਨਤੀ ਕੀਤੀ-‘ਗੁਰਦੇਵ! ਅਸੀਂ ਜਾਣਾ ਚਾਹੁੰਦੇ ਹਾਂ।’

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ, ਜੇਕਰ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ-ਅਸੀਂ ਛੱਡ ਕੇ ਜਾ ਰਹੇ ਹਾਂ-ਦੇ ਜਾਓ। ਸਿੰਘਾਂ ਲਿਖ ਕੇ ਦਿੱਤਾ, ਜਿਸ ਨੂੰ ਇਤਿਹਾਸ ਵਿਚ ‘ਬੇਦਾਵਾ’ ਕਿਹਾ ਗਿਆ ਹੈ। ਜਿਸ ਵਿਚ ਲਿਖਿਆ ਸੀ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ। ਲੰਮੇਰੀ ਜੰਗ ਤੋਂ ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖਤਾਂ ਹੇਠ ਬਾਦਸ਼ਾਹ ਵੱਲੋਂ ਪਰਵਾਨਾ ਭੇਜਿਆ ਕਿ ਜੇਕਰ ਗੁਰੂ ਜੀ ਅਨੰਦਪੁਰ ਸਾਹਿਬ ਨੂੰ ਖਾਲੀ ਕਰ ਜਾਣ ਤੇ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ, ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂ ਸਨ, ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖਾਲੀ ਕਰ ਦੇਣਾ ਚਾਹੀਦਾ ਹੈ। ਸਥਿਤੀ ਉੱਪਰ ਵਿਚਾਰ ਮਗਰੋਂ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਅਨੰਦਗੜ੍ਹ ਖਾਲੀ ਕਰਨ ਦੀ ਦੇਰ ਹੀ ਸੀ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ ਭੁਲਾ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਚਮਕੌਰ ਦੀ ਗੜ੍ਹੀ ਵਿਚੋਂ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਈ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ ’ਤੇ ਪਹੁੰਚੇ। ਵੈਰੀ ਦਾ ਦਲ ਵੀ ਗੁਰੂ ਜੀ ਦੇ ਪਿੱਛੇ-ਪਿੱਛੇ ਆ ਰਿਹਾ ਸੀ।


ਖਿਦਰਾਣੇ ਦੀ ਢਾਬ ਖਾਲਸਾ ਫੌਜਾਂ ਦੇ ਘੇਰੇ ਵਿਚ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ ’ਤੇ ਜਾ ਬਿਰਾਜੇ, ਦੁਸ਼ਮਣਾਂ ਫੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਨ ਦਾ ਯੁੱਧ ਹੋਇਆ। ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਜੀ ਦੀ ਅਗਵਾਈ ਵਿਚ ਲੜ ਰਹੇ ਸਨ, ਜੋ ਗੁਰਦੇਵ ਜੀ ਤੋਂ ਬੇਮੁਖ ਹੋ ਅਨੰਦਪੁਰ ਸਾਹਿਬ ਛੱਡ ਆਏ ਸਨ। ਸਮੇਂ-ਸਮੇਂ ਗੁਰਦੇਵ ਜੀ ਨੇ ਦੁਸ਼ਮਣ ਦਲਾਂ ’ਤੇ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਦੁਸ਼ਮਣ ਫੌਜਾਂ ਹਾਰ ਗਈਆਂ ਅਤੇ ਅਕਾਲ ਪੁਰਖ ਨੇ ਖ਼ਾਲਸੇ ਨੂੰ ਫਤਹਿ ਬਖਸ਼ੀ। ਦੁਸ਼ਮਣ ਫੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ-ਜੰਗ ਵਿਚ ਆਏ ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਭਾਈ ਮਹਾਂ ਸਿੰਘ ਦੇ ਪਾਸ ਪਹੁੰਚੇ ਤੇ ਆਪਣੇ ਮੁਖਾਰਬਿੰਦ ਤੋਂ ਬੋਲੇ ਮੰਗ ਭਾਈ ਮਹਾਂ ਸਿੰਘ! ਜੋ ਚਾਹੁੰਦਾ ਹੈਂ?’

‘ਗੁਰਦੇਵ ਪਿਤਾ! ਜੇ ਤੁੱਠੇ ਹੋ ਕਿਰਪਾ ਨਿਧਾਨ! ਤਾਂ ਸਾਡੀ ਟੁੱਟੀ ਮੇਲ ਲਵੋ....ਕਾਗਜ਼ ਦਾ ਉਹ ਟੁਕੜਾ ਪਾੜ ਦਿਓ। ਜੋ ਅਸੀਂ ਵੱਡੀ ਭੁੱਲ ਕਰਕੇ ਦੇ ਆਏ ਸਾਂ.....!’ ਭਾਈ ਮਹਾਂ ਸਿੰਘ ਦੀ ਖਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗਜ਼ ਟੁਕੜੇ-ਟੁਕੜੇ ਕਰ ਦਿੱਤਾ।

ਗੁਰੂ ਦੀਆਂ ਨਜ਼ਰਾਂ ’ਚ ਸੁਰਖਰੂ ਹੋ ਕੇ ਸਿੱਖ ਹਮੇਸ਼ਾ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖਸ਼ਿਸ਼ ਕੀਤੀ। ਇਵੇਂ ਬੇਦਾਵੀਏ ਸਿੰਘ ਮੁਕਤ ਹੋਏ। ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਅਖਵਾਈ।

# ਸ਼ਹੀਦ ਬਾਬਾ ਦੀਪ ਸਿੰਘ ਜੀ

**ਡਾ. ਕੁਲਦੀਪ ਸਿੰਘ ਹਉਰਾ**



ਸਿੱਖ ਕੌਮ ਦਾ ਅਮੀਰ ਵਿਰਸਾ ਸ਼ਹਾਦਤ ਹੈ। ਜਿਤਨੀਆਂ ਸ਼ਹਾਦਤਾਂ ਇਸ ਕੌਮ ਦੇ ਵਡਿੱਕਿਆਂ ਨੇ ਦੇ ਕੇ ਸਿੱਖੀ ਦੀ ਨੀਂਹ ਪੱਕੀ ਕੀਤੀ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇਤਨੀਆਂ ਸ਼ਹਾਦਤਾਂ ਦਿੱਤੀਆਂ ਹੋਣਗੀਆਂ! ਸਿੱਖ ਸ਼ਹੀਦ ਦੀ ਵਿਲੱਖਣ ਕਾਰਦਾਰੀ ਇਹ ਹੈ ਕਿ ਉਹ 'ਸ਼ਹੀਦੀ' ਨੂੰ ਸਦਾ ਯਾਦ ਰੱਖਦੇ ਰਹੇ ਹਨ ਤੇ ਵਕਤ ਪੈਣ 'ਤੇ ਸ਼ਹੀਦੀ ਦੇਣ ਤੋਂ ਕਿਸੇ ਨੇ ਕਦੇ ਮੂੰਹ ਨਹੀਂ ਮੋੜਿਆ। ਕਾਰਨ ਇਹ ਹੈ ਕਿ ਉਨ੍ਹਾਂ ਕਦੇ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਨਹੀਂ ਭੁਲਾਇਆ ਸੀ, ਸਗੋਂ ਉਨ੍ਹਾਂ ਦੀ ਰਸਨਾ 'ਤੇ ਸਦਾ 'ਉਸਦਾ' ਨਾਮ ਤੇ ਦਿਲ ਵਿਚ ਬਦੀ ਨਾਲ ਸਦਾ ਯੁੱਧ ਕਰਨ ਦਾ ਚਾਅ ਰਹਿੰਦਾ ਸੀ। ਇਸੇ ਲਈ ਗੁਰੂ ਕਲਗੀਧਰ ਜੀ ਦੇ ਕਥਨ 'ਜਬ ਆਵ ਕੀ ਆਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ।' ਗੁਰੂ ਕਲਗੀਧਰ ਜੀ ਦੇ ਕਥਨ ਅਨੁਸਾਰ ਸਾਹਿਬਜ਼ਾਦੇ ਤੇ ਸ਼੍ਰੋਮਣੀ ਸਿੱਖ ਵੀ ਸ਼ਹੀਦੀਆਂ ਤੋਂ ਕਦੇ ਡਰੇ ਤ੍ਰਿਸਕੇ ਨਹੀਂ, ਸਗੋਂ ਜਦ ਵੀ ਐਸਾ ਮੌਕਾ ਆਇਆ ਉਨ੍ਹਾਂ ਹੱਸ-ਹੱਸ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਧਰਮ ਤੇ ਕੌਮ ਨਾਲੋਂ ਜਾਨਾਂ ਕਦੇ ਵੀ ਪਿਆਰੀਆਂ ਨਹੀਂ ਸਮਝੀਆਂ।

ਐਸੇ ਹੀ ਮਹਾਨ ਸ਼ਹੀਦ ਤੇ ਵਿਦਵਾਨ ਬਾਬਾ ਦੀਪ ਸਿੰਘ ਜੀ ਦਾ ਜਨਮ ੨੬ ਜਨਵਰੀ ੧੬੮੨ ਨੂੰ ਪਹੂਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਭਾਈ ਭਗਤਾਂ ਜੀ ਦੇ ਘਰ ਮਾਤਾ ਜਿਊਣੀ ਦੀ ਸੁਭਾਗ ਕੁੱਖੋਂ ਹੋਇਆ। ਆਪ ਭਰ ਜਵਾਨੀ ਦੀ ਆਯੂ ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਸਾਹਿਬ ਹਾਜ਼ਰ ਹੋ ਗਏ ਤੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

ਬਚਪਨ ਤੋਂ ਜਵਾਨੀ ਤਕ ਆਪ ਨੇ ਕਸਰਤਾਂ ਕਰਕੇ ਆਪਣਾ ਜੁੱਸਾ ਕਮਾਇਆ ਹੋਇਆ ਸੀ। ਆਨੰਦਪੁਰ ਆ ਕੇ ਆਪ ਨੇ ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ ਤੇ ਘੋੜ-ਸਵਾਰੀ ਦੇ ਕਰਤਬ ਸਿੱਖੇ। ਇਸ ਤਰ੍ਹਾਂ ਆਪ ਰਿਸ਼ਟ-ਪੁਸ਼ਟ ਸੁਹਣੇ ਜਵਾਨ ਬਣੇ। ਜਿਸ ਖੇਡ ਖੇਡਣ ਦੀ ਤਿਆਰੀ ਬਾਬਾ ਦੀਪ ਸਿੰਘ ਜੀ ਕਰ ਰਹੇ ਸਨ, ਉਹ ਖੇਡ ਅੱਗੇ ਕਿਸੇ ਖਿਡਾਰੀ ਨੇ ਨਹੀਂ ਸੀ ਖੇਡੀ ਤੇ ਨਾ ਹੀ ਕਿਸੇ ਨੂੰ ਪਤਾ ਸੀ ਕਿ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ! ਆਪ ਗੁਰੂ ਸਾਹਿਬ ਦੇ ਧਰਮ-ਯੁੱਧਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਰਹੇ। ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਆਪ ਗੁਰੂ ਮਹਿਲਾਂ ਨਾਲ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਦਿਲੀ ਆ ਗਏ। ਜਦੋਂ ਹਾਲਾਤ ਕੁਝ ਸਾਜ਼ਗਾਰ ਹੋਏ ਤਾਂ ਆਪ ਗੁਰੂ-ਮਹਿਲਾਂ ਨਾਲ ਮੁੜ ਪੰਜਾਬ ਵਾਪਸ ਆ ਗਏ ਤੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਆਪ ਬੜੇ ਨੇਮੀ-ਪ੍ਰੇਮੀ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਕਿਆਮ ਕਰ ਰਹੇ ਸਨ ਤਾਂ ਆਪ ਨੇ ਬਾਬਾ ਦੀਪ ਸਿੰਘ ਨੂੰ ਉਥੇ ਬੁਲਾ ਭੇਜਿਆ। ਜਦੋਂ ਆਪ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਭਾਈ ਮਨੀ ਜੀ ਦੇ ਨਾਲ ਆਪ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਨ ਦੇ ਆਦੇਸ਼ ਦਿੱਤੇ। ਦੱਖਣ ਵਾਲੇ ਪਾਸੇ ਜਾਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਆਪ ਨੂੰ ਗੁਰੂ-ਮਹਿਲਾਂ ਪਾਸ ਛੱਡ ਗਏ।

ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿਛੋਂ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਆਏ ਤਾਂ ਬਾਬਾ ਜੀ ਵੀ ਆਪ ਦੀ ਫੌਜ ਵਿਚ ਸ਼ਾਮਲ ਹੋ ਗਏ ਅਤੇ ਸਰਹੰਦ, ਸਢੌਰਾ ਆਦਿ ਥਾਵਾਂ 'ਤੇ ਲੜੀਆਂ ਗਈਆਂ ਲੜਾਈਆਂ ਵਿਚ ਬੜੀ ਬੀਰਤਾ ਨਾਲ ਲੜੇ ਤੇ ਜ਼ਾਲਮਾਂ ਦੇ ਆਹੂ ਲਾਹੇ। ਇਸ 'ਤੇ ਆਪ ਸਿੱਖ ਫੌਜਾਂ ਵਿਚ ਪਹਿਲੀ ਕਤਾਰ ਦੇ ਸੂਰਬੀਰਾਂ ਵਿਚ ਗਿਣੇ ਜਾਣ ਲੱਗੇ।

ਲੜਾਈਆਂ ਤੋਂ ਜ਼ਰਾ ਵਿਹਲ ਮਿਲੀ ਤਾਂ ਬਾਬਾ ਜੀ ਫੇਰ ਦਮਦਮਾ ਸਾਹਿਬ ਆ ਗਏ। ਉਥੇ ਰਹਿ ਕੇ ਆਪ ਨੇ ਬੜੀ ਰੀਝ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੱਥ-ਲਿਖਤ ਉਤਾਰੇ ਕੀਤੇ। ਉਪਰੰਤ ਫੇਰ ਆਪ ਗੁਰਮਤਿ ਪ੍ਰਚਾਰ ਵਿਚ ਜੁਟ ਗਏ। ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਪੰਜਾਬ ਵਿਚ ਸਿੰਘ ਹੀ ਉਸ ਦੇ ਸਾਹਮਣੇ ਟਿਕੇ ਜੋ ਉਸ ਨਾਲ ਦੋ-ਦੋ ਹੱਥ ਕਰਦੇ ਰਹੇ। ਅਬਦਾਲੀ ਨੂੰ ਪਤਾ ਲਗ ਚੁੱਕਾ ਸੀ ਕਿ ਜਦ ਤਕ ਸਿੱਖ ਉਸ ਦੇ ਰਾਹ ਵਿਚੋਂ ਨਹੀਂ ਹਟਦੇ, ਉਸ ਦਾ ਹਿੰਦੁਸਤਾਨ 'ਤੇ ਕਬਜ਼ਾ ਕਰਨ ਦਾ ਸੁਪਨਾ ਕਦੇ ਪੂਰਾ ਨਹੀਂ ਹੋ ਸਕਦਾ। ਸੋ ਉਸਨੇ ਤੈਮੂਰ ਸ਼ਾਹ ਨੂੰ ਆਖ ਕੇ ਸਿੱਖਾਂ 'ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਹਰਿਮੰਦਰ ਸਾਹਿਬ ਉਤੇ ਹਮਲਾ ਕਰਕੇ ਇਸ ਪਰਮ ਧਰਮ-ਸਥਾਨ ਦੀ ਬੇਅਦਬੀ ਕੀਤੀ। ਇਹ ਦੁਖਦਾਈ ਖ਼ਬਰ ਸੁਣ ਕੇ ਬਾਬਾ ਦੀਪ ਸਿੰਘ ਜੀ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਉਨ੍ਹਾਂ ਦੇ ਡੌਲੇ ਫਰਕੇ ਅਤੇ ਉਨ੍ਹਾਂ ਨੇ ਜ਼ਾਲਮਾਂ ਨੂੰ ਸੋਧਣ ਲਈ ਕਮਰ-ਕੱਸੇ ਕੀਤੇ ਅਤੇ ਸ੍ਰੀ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਦਮਦਮਾ ਸਾਹਿਬ ਤੋਂ ਕੁਝ ਹੋਰ ਸਿਰਲੱਥ ਯੋਧੇ ਆਪ ਨਾਲ ਰਲ ਪਏ ਜੋ ਪੜਾਅ-ਦਰ-ਪੜਾਅ ਤਰਨਤਾਰਨ ਆ ਪੁੱਜੇ। ਰਸਤੇ ਵਿਚ ਹੋਰ ਸੂਰਬੀਰ ਸਿੰਘ ਵੀ ਆਪ ਜੀ ਨਾਲ ਸ਼ਾਮਿਲ ਹੁੰਦੇ ਗਏ। ਆਪ ਨੇ ਸਾਥੀਆਂ ਨੂੰ ਸੁਚੇਤ ਕਰਦਿਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੇ ਨਾਲ ਉਹੀ ਰਲੇ ਜਿਸ ਨੂੰ ਸਿਰ ਪਿਆਰਾ ਨਾ ਹੋਵੇ, ਗੁਰੂ ਪਿਆਰਾ ਹੋਵੇ! ਆਪ ਨੇ ਕਿਹਾ, "ਮੈਂ ਅੱਜ ਸੰਸਾਰ ਨੂੰ ਐਸੀ ਖੇਡ ਖੇਡ ਕੇ ਵਿਖਾਵਾਂਗਾ ਕਿ ਲੋਕ ਹੈਰਾਨ ਰਹਿ ਜਾਣਗੇ।" ਇਹ ਖੇਡ ਸੀ, 'ਸਿਰ ਤਲੀ 'ਤੇ ਰੱਖ ਕੇ ਲੜਨ ਦੀ।' ਇਸ ਖੇਡ ਦਾ ਅਭਿਆਸ ਉਹ ਕੁਝ ਸਮੇਂ ਤੋਂ ਕਰ ਰਹੇ ਸਨ ਤੇ ਅੱਜ ਪ੍ਰਦਰਸ਼ਨੀ ਕਰਨ ਦਾ ਸਮਾਂ ਆ ਗਿਆ ਸੀ।

ਸੋ ਉਨ੍ਹਾਂ ਆਪਣੀ ਖੇਡ ਵਿਚ ਸ਼ਾਮਿਲ ਹੋਣ ਵਾਲੇ ਬਾਕੀ ਸੰਗੀਆਂ-ਸਾਥੀਆਂ ਨੂੰ ਸੁਚੇਤ ਕਰਦਿਆਂ ਹੋਇਆਂ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੇਰੀ ਟੀਮ ਵਿਚ ਉਹ ਹੀ ਸ਼ਾਮਿਲ ਹੋਵੇ, ਜਿਸ ਸਿਰ ਤਲੀ ਉਤੇ ਰੱਖਿਆ ਹੋਵੇ! ਬਾਬਾ ਜੀ ਨੇ ਖੰਡੇ ਨਾਲ ਜ਼ਮੀਨ ਉਤੇ ਇਕ ਲਕੀਰ ਖਿੱਚ ਕੇ, ਉਨ੍ਹਾਂ ਸੂਰਬੀਰਾਂ ਨੂੰ ਲਕੀਰ ਟੱਪ ਆਉਣ ਲਈ ਲਲਕਾਰਿਆ, ਜਿਨ੍ਹਾਂ ਨੇ ਸਿਰ ਧਰਮ ਦੇ ਲੇਖੇ ਲਾਉਣਾ ਹੋਵੇ! ਇਤਿਹਾਸ ਅਨੁਸਾਰ ਬਾਬਾ ਜੀ ਦੇ ਸਾਥੀਆਂ ਵਿਚੋਂ ਇਕ ਵੀ ਐਸਾ ਨਾ ਰਿਹਾ, ਜਿਸ ਖ਼ੁਸ਼ੀ-ਖ਼ੁਸ਼ੀ ਲਕੀਰ ਨਾ ਟੱਪੀ ਹੋਵੇ।

ਇਨ੍ਹਾਂ ਸੂਰਬੀਰਾਂ ਸਿਰਲੱਥ ਯੋਧਿਆਂ ਨਾਲ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਵੱਲ ਨੂੰ ਵਧਦੇ ਚਲੇ ਆ ਰਹੇ ਸਨ। ਅੱਗੋਂ ਚਾਲੀ ਹਜ਼ਾਰ ਗਿਲਜੇ ਵੀ ਉਨ੍ਹਾਂ ਨੂੰ ਸ਼ਹੀਦੀ-ਸੱਦਾ ਦੇਣ ਲਈ ਤਿਆਰ ਸਨ। ਬਾਬਾ ਜੀ ਗਿਣਤੀ ਦੇ ਕੁਝ ਕੁ ਸਾਥੀਆਂ ਸਮੇਤ ਆਪਣੀ ਖੇਡ ਖੇਡਦੇ ਹੋਏ ਤਰਨਤਾਰਨ ਤੋਂ ਅੰਮ੍ਰਿਤਸਰ ਵੱਲ ਵਧਦੇ ਆ ਰਹੇ ਸਨ ਕਿ ਸੂਰਮਗਤੀ ਦੀ ਅਤਿ ਪ੍ਰਸ਼ੰਸ਼ਾਯੋਗ ਤੇ ਹੈਰਾਨੀਜਨਕ ਕਿਰਿਆ ਕਰਕੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਅੱਜ ਤੱਕ ਲੋਕਾਂ ਨੇ ਅਜਿਹੀ ਖੇਡ ਨਹੀਂ ਸੀ ਵੇਖੀ ਜਿਹੋ ਜਿਹੀ ਅੱਜ ਵੇਖ ਰਹੇ ਸਨ। ਲੜਦਿਆਂ ਹੋਇਆਂ ਬਾਬਾ ਜੀ ਦੀ ਗਰਦਨ ਉਤੇ ਇਕ ਤਕੜਾ ਤੇ ਮਾਰੂ ਜ਼ਖ਼ਮ ਲੱਗਾ ਪਰ ਆਪ ਨੇ ਉਸ ਕਾਰੀ ਫੱਟ ਦੀ ਪਰਵਾਹ ਨਾ ਕਰਦਿਆਂ ਹੋਇਆਂ, ਆਪਣੇ ਖੱਬੇ ਹੱਥ ਦਾ ਸਹਾਰਾ ਦੇ ਕੇ ਸੱਜੇ ਹੱਥ ਨਾਲ ਯੁੱਧ ਜਾਰੀ ਰੱਖਿਆ। ਵੇਖਣ ਵਾਲੇ ਐਸੀ ਸੂਰਮਗਤੀ ਵੇਖਕੇ ਹੈਰਾਨੀ ਤੇ ਡਰ ਨਾਲ ਉਂਗਲਾਂ ਮੂੰਹ ਵਿਚ ਪਾ ਰਹੇ ਸਨ। ਇਹ ਸਿਰ ਤਲੀ 'ਤੇ ਰੱਖਣ ਦੀ ਖੇਡ ਅਨੋਖੀ ਤੇ ਵਚਿੱਤਰ ਸੀ। ਅੰਤ ਬਾਬਾ ਜੀ ਆਪਣੇ ਕੀਤੇ ਪ੍ਰਣ ਅਨੁਸਾਰ ਸ੍ਰੀ ਅੰਮ੍ਰਿਤਸਰ ਵਿਖੇ ਪੁੱਜਣ ਵਿਚ ਸਫਲ ਹੋ ਗਏ। ਜਿਥੇ ਆਪ ਸ਼ਹੀਦ ਹੋਏ, ਉਥੇ ਆਪ ਦੀ ਯਾਦਗਾਰ ਕਾਇਮ ਹੈ। ਇਹ ਸਾਕਾ ੧੭੬੨ ਈਸਵੀ ਦਾ ਹੈ।

**"ਸ਼ਹੀਦ ਕੀ ਜੋ ਮੌਤ ਹੈ, ਵੁਹ ਕੌਮ ਕੀ ਹਯਾਤ ਹੈ"**

ਵਾਲੀ ਗੱਲ ਹੋਈ। ਬਾਬਾ ਜੀ ਦੀ ਅਦੁੱਤੀ ਸ਼ਹੀਦੀ ਨੇ ਸਿੰਘਾਂ ਵਿਚ ਐਸਾ ਜੋਸ਼ ਤੇ ਉਤਸ਼ਾਹ ਪੈਦਾ ਕੀਤਾ ਕਿ ਜੰਬੂਰਾਂ ਨਾਲ ਖੱਲਾਂ ਲੱਥੀਆਂ, ਚਰਖੜੀਆਂ ਉਤੇ ਚੜ੍ਹਨਾ ਪਿਆ, ਬੰਦ-ਬੰਦ ਕਟਾਏ ਗਏ ਅਤੇ ਹੋਰ ਅਕਹਿ ਤੇ ਅਸਹਿ ਕਸ਼ਟ ਝੱਲੇ ਪਰ ਜਿੱਤ ਸੱਚ ਤੇ ਧਰਮ ਦੀ ਹੋਈ ਅਤੇ ਪੰਜਾਬ ਉਤੇ ਸਿੱਖਾਂ ਦਾ ਰਾਜ ਹੋਇਆ, ਗੁਰੂ ਦੇ ਨਾਮ ਦਾ ਸਿੱਕਾ ਚੱਲਿਆ। ਬਾਬਾ ਦੀਪ ਸਿੰਘ ਜੀ ਨੂੰ ਧਰਮ ਦੀ ਰੱਖਿਆ ਕਰਨ, ਗੁਰਧਾਮਾਂ ਦੀ ਪਵਿੱਤਰਤਾ ਕਾਇਮ ਰੱਖਣ ਅਤੇ ਕੌਮ ਦਾ ਸਿਰ ਉੱਚਾ ਰੱਖਣ ਲਈ ਸ਼ਹੀਦੀ ਦੇਣੀ ਪਈ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਚੜ੍ਹਦੀ ਕਲਾ ਵਾਲੇ ਚਲਾਏ ਹੋਏ ਕਾਰਜਾਂ ਵਿਚ ਬਾਬਾ ਜੀ ਨੇ ਪ੍ਰਸ਼ੰਸ਼ਾਯੋਗ ਯੋਗਦਾਨ ਪਾਇਆ ਤੇ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਪਿਛੋਂ ਵੀ ਪੰਥ ਦੀ ਸ਼ਾਨ ਕਾਇਮ ਰੱਖਣ ਲਈ ਜਾਨ ਪਿਆਰੀ ਨਹੀਂ ਕੀਤੀ ਸਗੋਂ ਸ੍ਵੈਮਾਨ ਕਾਇਮ ਰੱਖਦਿਆਂ ਹੋਇਆਂ ਗੁਰੂ ਸਾਹਿਬ ਦਾ ਮਹਾਨ ਵਾਕ

**"ਜਬ ਆਵ ਕੀ ਅਉਧ ਨਿਦਾਨ ਬਨੈ**
**ਅਤ ਹੀ ਰਨ ਮੈ ਤਬ ਜੂਝ ਮਰੋਂ"**

ਸੱਚ ਕਰ ਵਿਖਾਇਆ। ਬਾਬਾ ਦੀਪ ਸਿੰਘ ਜੀ ਨੇ ਆਪਣੇ ਸਮੇਂ ਦੀਆਂ ਪ੍ਰਚਲਤ ਬੋਲੀਆਂ ਫਾਰਸੀ, ਸੰਸਕ੍ਰਿਤ ਤੇ ਅਰਬੀ ਆਦਿ ਪੜ੍ਹੀਆਂ ਤੇ ਵੱਧ ਤੋਂ ਵੱਧ ਗਿਆਨ ਪ੍ਰਾਪਤੀ ਦਾ ਖਿਆਲ ਰੱਖਦਿਆਂ ਹੋਇਆਂ ਸ਼ਾਸਤਰਾਂ ਦਾ ਅਭਿਆਸ ਵੀ ਜਾਰੀ ਰੱਖਿਆ। ਆਪ ਨਿਰੇ ਯੋਧੇ ਹੀ ਨਹੀਂ ਸਨ, ਵਿਦਵਾਨ ਵੀ ਸਨ। ਆਪ ਬਾਰੇ ਕਿਹਾ ਜਾਂਦਾ ਹੈ ਕਿ ਆਪ ਨਿਤਨੇਮ ਤੋਂ ਛੁੱਟ ਵਿਹਲੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤ ਬੀੜਾਂ ਤਿਆਰ ਕਰਿਆ ਕਰਦੇ ਸਨ।

ਆਪ ਨੇ ਇਕ ਟਕਸਾਲੀ ਸਿੰਘ ਵਾਂਗ "ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ" ਵਾਲਾ ਨਮੂਨੇ ਦਾ ਜੀਵਨ ਬਤੀਤ ਕੀਤਾ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸਿਆਸੀ ਜੀਵਨ

1937 ਵਿਚ ਅੰਗਰੇਜ਼ ਸਰਕਾਰ ਨੇ ਸੂਬਿਆਂ ਵਿਚ ਅਤੇ ਕੇਂਦਰ ਵਿਚ ਹਿੰਦੋਸਤਾਨੀਆਂ ਨੂੰ ਚੋਣ ਕਰਕੇ ਆਪਣੇ ਨੁਮਾਇੰਦੇ ਭੇਜਣ ਦਾ ਐਲਾਨ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਅਕਾਲੀ ਲਹਿਰ ਵਿਚ ਅਤੇ ਹੋਰ ਪੰਥਕ ਸੇਵਾ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਅਕਾਲੀ ਦਲ ਨੇ ਗੁਜਰਾਤ ਅਤੇ ਸਰਗੋਧੇ ਦੇ ਦੋਵੇਂ ਜ਼ਿਲ੍ਹਿਆਂ ਦੇ ਸਾਂਝੇ ਚੋਣ ਹਲਕੇ ਵਿੱਚੋਂ ਪੰਜਾਬ ਅਸੈਂਬਲੀ ਲਈ ਆਪ ਜੀ ਨੂੰ ਟਿਕਟ ਦਿੱਤਾ। ਆਪ ਜੀ ਦੇ ਮੁਕਾਬਲੇ ਤੇ ਡਾਕਟਰ ਹਰਬੰਸ ਸਿੰਘ ਜੀ ਸਨ, ਜੋ ਬੜੇ ਅਮੀਰ ਆਦਮੀ ਸਨ। ਸਤਿਗੁਰੂ ਕਿਰਪਾ ਕੀਤੀ, ਆਪ ਜੀ ਨੇ ਉਨ੍ਹਾਂ ਨਾਲੋਂ ਕਾਫੀ ਵੱਧ ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ ਅਤੇ ਸਤਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ ਕੀਤਾ। ਕਈ ਵਿਰੋਧੀਆਂ ਨੇ, ਜਿਸ ਤਰ੍ਹਾਂ ਕਿ ਆਮ ਚੋਣਾਂ ਵਿਚ ਹੁੰਦਾ ਹੈ, ਵਿਰੋਧਤਾ ਵੀ ਕੀਤੀ ਪਰ ਆਪ ਜੀ ਨੇ ਇਨ੍ਹਾਂ ਦੀ ਵਿਰੋਧਤਾ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਇਤਨੀ ਦੌੜ ਭੱਜ ਦੇ ਬਾਵਜੂਦ ਆਪਣੇ ਰੋਜ਼ ਦੇ ਨਿਤਨੇਮ ਵਿਚ ਫ਼ਰਕ ਨਹੀਂ ਆਉਣ ਦਿੱਤਾ। ਉਸੇ ਤਰ੍ਹਾਂ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਆਦਿ ਕਿਰਿਆ ਸਾਧ ਕੇ ਆਪ ਜੀ ਨੇ ਆਪਣੇ ਠੀਕ ਨਿਯਮ ਅਨੁਸਾਰ ਭਜਨ ਸਿਮਰਨ ਵਿਚ ਲੀਨ ਹੋਣਾ ਨਹੀਂ ਛੱਡਿਆ ਅਤੇ ਸਭ ਤੋਂ ਪਹਿਲਾਂ ਇਲੈਕਸ਼ਨ ਜਿੱਤ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਧੰਨਵਾਦ ਵਜੋਂ ਪੁੱਜੇ।

## ਸ੍ਰੀ ਅੰਮ੍ਰਿਤਸਰ ਸਾਹਿਬ ਧੰਨਵਾਦ ਵਜੋਂ ਪੁੱਜੇ

## ਨਿਰਮਲ ਭੇਖ ਵੱਲੋਂ ਪਾਰਟੀ

ਆਪ ਜੀ ਸ੍ਰੀ ਅੰਮ੍ਰਿਤਸਰ ਪਹੁੰਚੇ। ਸ੍ਰੀ ਗੁਰੂ ਰਾਮ ਦਾਸ ਜੀ ਦੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸਾਦ ਦੀ ਦੇਗ ਭੇਟਾ ਕੀਤੀ, ਬੇਅੰਤ ਮਾਇਆ ਅਰਦਾਸ ਕਰਾਈ ਅਤੇ ਓਸ ਸਤਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਨ੍ਹਾਂ ਆਪਣੇ ਸੇਵਕ ਦੇ ਸਿਰ ਤੇ ਮੇਹਰ ਭਰਿਆ ਹੱਥ ਰੱਖ ਕੇ ਕਾਮਯਾਬੀ ਬਖਸ਼ੀ ਸੀ। ਨਿਰਮਲ ਭੇਖ ਨਾਲ ਆਪ ਜੀ ਦਾ ਸੰਪ੍ਰਦਾਈ ਸੰਬੰਧ ਸੀ। ਸਾਰੇ ਸੰਤਾਂ ਮਹੰਤਾਂ ਨੂੰ ਬੜੀ ਖੁਸ਼ੀ ਹੋਈ। ਸਾਰੇ ਮਹਾਂ ਪੁਰਖਾਂ ਨੇ ਆਪ ਜੀ ਨੂੰ ਭਾਰੀ ਗਿਣਤੀ ਦੇ ਸਮਾਗਮ ਵਿਚ ਇਕ ਪਾਰਟੀ ਦਿੱਤੀ, ਅਤੇ ਮਾਣ-ਪੱਤਰ ਦਿੱਤਾ। ਇਸ ਸਮਾਗਮ ਦੇ ਮੋਢੀ ਮਹੰਤ ਮੂਲ ਸਿੰਘ ਜੀ, ਮਹੰਤ ਹਾਕਮ ਸਿੰਘ ਜੀ, ਗਿਆਨੀ ਅਮੀਰ ਸਿੰਘ ਜੀ, ਮਹੰਤ ਰਣ ਸਿੰਘ ਜੀ, ਮਹੰਤ ਹਰੀ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਕਰੀਟ ਆਦਿ ਸਭ ਨੇ ਬੜਾ ਉਤਸ਼ਾਹ ਕੀਤਾ, ਫੋਟੋ ਲਈ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਗਏ। ਮਾਸਟਰ ਤਾਰਾ ਸਿੰਘ ਜੀ ਆਦਿ ਜ਼ੁੰਮੇਵਾਰਾਂ ਨੇ ਵਧਾਈਆਂ ਦਿੱਤੀਆਂ ਅਤੇ ਸਾਰੇ ਹੀ ਬੜੇ ਖੁਸ਼ ਹੋਏ।

1939 ਵਿਚ ਲੜਾਈ ਲੱਗ ਗਈ। ਸੂਬਿਆਂ ਦੀ ਕਾਂਗਰਸੀ ਸਰਕਾਰਾਂ ਨੇ ਅਸਤੀਫੇ ਦੇ ਦਿੱਤੇ, ਪਰ ਪੰਜਾਬ ਦੀ ਯੂਨੀਅਨ ਸਦਕਾ ਵਜ਼ਾਰਤ ਟਿੱਕੀ ਰਹੀ ਅਤੇ ਨਵੀਂ ਚੋਣ ਤੱਕ ਸੰਤ ਬਾਬਾ ਪ੍ਰੇਮ ਸਿੰਘ ਜੀ ਵੀ ਮੈਂਬਰ ਰਹੇ।

## ਆਪ ਦੂਜੀ ਵੇਰ ਪੰਜਾਬ ਅਸੈਂਬਲੀ ਦੇ ਮੈਂਬਰ

ਲੜਾਈ ਖਤਮ ਹੋਣ ਤੋਂ ਪਿਛੋਂ 1945 ਵਿਚ ਫਿਰ ਚੋਣਾਂ ਸ਼ੁਰੂ ਹੋਈਆਂ। ਆਪ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਫਿਰ ਗੁਜਰਾਤ ਅਤੇ ਸਰਗੋਧੇ ਦੀ ਸੀਟ ਤੇ ਇਲੈਕਸ਼ਨ ਲੜਨ ਲਈ ਟਿਕਟ ਦਿੱਤੀ ਗਈ, ਪਰ ਆਪ ਜੀ ਦੀ ਟਿਕਟ ਦਾ ਬਹੁਤ ਲੇਟ ਫੈਸਲਾ ਹੋਇਆ। ਮੇਰਾ ਖਿਆਲ ਹੈ ਕਿ ਦਸ ਜਾਂ ਪੰਦਰਾਂ ਕੁ ਦਿਨ ਚੋਣ ਨੂੰ ਰਹਿੰਦੇ ਸਨ ਜਦੋਂ ਆਪ ਜੀ ਨੂੰ ਇਲੈਕਸ਼ਨ ਲੜਨ ਲਈ ਟਿਕਟ ਦਿੱਤੀ। ਦਾਸ ਨੂੰ ਅੰਮ੍ਰਿਤਸਰ ਤੋਂ ਮੰਗਵਾਇਆ, ਦਾਸ ਮੁਰਾਲੇ ਪੁੱਜਾ। ਗਿਆਨੀ ਹਰਚਰਨ ਸਿੰਘ ਜੀ ਵੀ ਪੁੱਜ ਗਏ। ਹੁਣ ਸੋਚਿਆ ਦਿਨ ਬੜੇ ਥੋੜ੍ਹੇ ਹਨ। ਮਹਾਂਪੁਰਖਾਂ ਨੂੰ ਕਿਹਾ ਕਿ ਤੁਸੀਂ ਤਹਿਸੀਲ ਗੁਜਰਾਤ ਤੇ ਖਾਰੀਆਂ ਵਿਚ ਰਹੋ ਤੇ ਆਪਣੇ ਸ਼ਰਧਾਲੂਆਂ ਨੂੰ ਬੁਲਾ ਕੇ ਹੁਕਮ ਕਰ ਦਿਉ ਕਿ ਉਹ ਜਥੇ ਬਣਾ ਕੇ ਪਿੰਡਾਂ ਵਿਚ ਫਿਰਨ। ਭਾਈ ਗੁਰਚਰਨ ਸਿੰਘ ਜੀ ਵੀ ਅੰਮ੍ਰਿਤਸਰ ਤੋਂ ਪੁੱਜ ਗਏ ਸਨ। ਇਨ੍ਹਾਂ ਦੀ ਅਤੇ ਦਾਸ ਦੀ ਡਿਊਟੀ ਮੰਡੀ ਬਹਾਉਦੀਨ ਤਹਿਸੀਲ ਫਾਲੀਆ ਵਿਚ ਲਾ ਦਿੱਤੀ। ਸ. ਰਲਾ ਸਿੰਘ ਮੈਨੇਜਰ ਗੁਰਦੁਆਰਾ ਬਾਬਾ ਕੇਰ ਦੇ ਸਨ, ਇਨ੍ਹਾਂ ਇਲੈਕਸ਼ਨ ਵਿਚ ਬੜੀ ਮੱਦਦ ਕੀਤੀ। ਗਿਆਨੀ ਹਰਚਰਨ ਸਿੰਘ ਜੀ ਦੀ ਡਿਊਟੀ ਜ਼ਿਲ੍ਹਾ ਸਰਗੋਧਾ ਵਿਚ ਲਾ ਦਿੱਤੀ। ਇਸ ਤਰ੍ਹਾਂ ਸਾਰੇ ਸਿੰਘ ਆਪਣੇ-ਆਪਣੇ ਇਲਾਕੇ ਵਿਚ ਫਟਾ-ਫਟ ਪੁੱਜ ਗਏ ਅਤੇ ਪਰਾਪੇਗੰਡਾ ਸ਼ੁਰੂ ਕਰ ਦਿੱਤਾ। ਆਪ ਜੀ ਦੇ ਮੁਕਾਬਲੇ ਤੇ ਸ. ਹਰਿਭਜਨ ਸਿੰਘ ਭਲਾਇਆ ਸੀ। ਆਖਿਰ ਗੁਰੂ ਕਿਰਪਾ ਕੀਤੀ, ਆਪ ਜੀ ਨੇ ਸੱਤ ਹਜ਼ਾਰ ਵੋਟ ਲੈ ਕੇ ਗੁਰੂ ਦੀ ਕਿਰਪਾ ਨਾਲ ਬੜੀ ਸ਼ਾਨ ਨਾਲ ਜਿੱਤ ਪ੍ਰਾਪਤ ਕੀਤੀ। ਇਹ ਇਲੈਕਸ਼ਨਾਂ ਆਪ ਜੀ ਨੇ ਕਿਸੇ ਆਪਣੇ ਲਾਭ ਲਾਂ ਜਾਂ ਆਪਣੀ ਇੱਜ਼ਤ ਵਧਾਉਣ ਲਈ ਜਾਂ ਕਿਸੇ ਹੋਰ ਲਾਲਚ ਲਈ ਨਹੀਂ ਲੜੀਆਂ, ਉਨ੍ਹਾਂ ਸਾਹਮਣੇ ਕੇਵਲ ਇਕੋ ਹੀ ਨਿਸ਼ਾਨਾ ਸੀ- ਲੁਬਾਣਾ ਬਰਾਦਰੀ ਦੀ ਬਿਹਤਰੀ, ਇਨ੍ਹਾਂ ਦੇ ਬੱਚਿਆਂ ਨੂੰ ਚੰਗੀਆਂ ਨੌਕਰੀਆਂ ਮਿਲਣ, ਇਸ ਬਰਾਦਰੀ ਦੀ ਸ਼ਾਨ ਉੱਚੀ ਹੋਵੇ। ਇਸ ਲਈ ਉਨ੍ਹਾਂ ਇਲੈਕਸ਼ਨਾਂ ਲੜੀਆਂ। ਆਪ ਜੀ ਦੇ ਦੋ ਵਾਰ ਇਲੈਕਸ਼ਨ ਲੜਨ ਨਾਲ ਅਤੇ ਬੜੀ ਸ਼ਾਨ ਨਾਲ ਜਿੱਤ ਹਾਸਲ ਕਰਨ ਨਾਲ ਲੁਬਾਣਾ ਬਰਾਦਰੀ ਗੁਆਂਢੀ ਬਰਾਦਰੀਆਂ ਦੇ ਮੁਕਾਬਲੇ ਖੜ੍ਹੀ ਹੋ ਗਈ।

# ਦਸੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਪਿਛਲੇ ਰਿਪੋਰਟ ਦੀ ਲਗਾਤਾਰਤਾ ਵਿੱਚ ਦਸੰਬਰ 2023 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਦਸੰਬਰ ਮਹੀਨੇ ਦੀ ਕੁੱਲ ਆਮਦਨ (ਰੁਪਏ) - 359513/-

ਦਸੰਬਰ ਮਹੀਨੇ ਦਾ ਕੁੱਲ ਖਰਚ (ਰੁਪਏ) - 222074/-

2. **ਦਸੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਪੋਹ ਮਹੀਨੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡੈਂਟਲ ਕਲੀਨਿਕ ਦੀ ਰਿਪੋਰਟ ਦੇ ਅਨੁਸਾਰ ਡੈਂਟਲ ਕਲੀਨਿਕ ਦਾ ਕੰਮ ਤਸੱਲੀਬਖ਼ਸ਼ ਚੱਲ ਰਿਹਾ ਹੈ।ਇਸ ਮਹੀਨੇ 38 ਮਰੀਜ਼ਾਂ ਦੀ ਡੈਂਟਲ ਚੈੱਕਅਪ ਅਤੇ ਇਲਾਜ ਕੀਤਾ ਗਿਆ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਇੰਜ: ਹਰਦੇਵ ਸਿੰਘ, ਸੀ: ਮੈਂਟੀ. ਸਕੱਤਰ ਵੱਲੋਂ ਐਨ.ਓ.ਸੀ. ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

5. **ਜ਼ਰੂਰਤ ਅਤੇ ਹੋਣਹਾਰ ਬੱਚਿਆ ਨੂੰ ਵਜੀਫ਼ੇ ਦੇਣ ਸੰਬੰਧੀ** - ਅਗਸਤ, ਸਤੰਬਰ, ਅਕਤੂਬਰ, ਨਵੰਬਰ ਅਤੇ ਦਸੰਬਰ ਮਹੀਨੇ ਦੇ ਲੁਬਾਣਾ ਸੇਵਕ ਮੈਗਜ਼ੀਨ ਵਿੱਚ ਬਿਨੇ ਪੱਤਰ ਫ਼ਾਰਮ ਪ੍ਰਕਾਸ਼ਿਤ ਕੀਤੇ ਗਏ ਸਨ ਅਤੇ ਇਸ ਦੀ ਅਰਜੀਆਂ ਆਉਣ ਦੀ ਮਿਤੀ 31-01-2024 ਰੱਖੀ ਗਈ ਸੀ।ਹੁਣ ਅਜੇ ਵੀ ਅਰਜੀਆਂ ਬਹੁਤੀਆਂ ਪ੍ਰਾਪਤ ਨਹੀ ਹੋਈਆਂ ਇਸ ਵੇਲੇ ਤਕਰੀਬਨ 28 ਬਿਨੇ ਪੱਤਰ ਪ੍ਰਾਪਤ ਹੋਏ ਹਨ ਇਸ ਲਈ ਅਰਜੀਆਂ ਲੈਣ ਦੀ ਮਿਤੀ 31-01-2024 ਪ੍ਰਧਾਨ ਜੀ ਦੀ ਮੰਜ਼ੂਰੀ ਨਾਲ ਕਰ ਦਿੱਤੀ ਗਈ ਹੈ।

6. **ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੁਰੰਮਤ ਬਾਰੇ** - ਸੂਬੇਦਾਰ ਮੇਜਰ ਜਸਪਾਲ ਸਿੰਘ ਮੈਂਟੀਨੈਂਸ ਸਕੱਤਰ ਜ਼ਰੂਰੀ ਲੋੜੀਂਦੀਆਂ ਭਵਨ ਵਿਖੇ ਮੁਰੰਮਤ ਅਤੇ ਸਾਂਭ-ਸੰਭਾਲ ਦਾ ਕੰਮ ਦੇਖ ਕੇ ਕਰ ਰਹੇ ਹਨ।

7. **ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਕੇਸ ਦੀ ਲਗਾਤਾਰਤਾ ਵਿੱਚ ਇਹ ਲਿਖਿਆ ਜਾਂਦਾ ਹੈ ਕਿ ਗਬਨ ਦੀ ਕੁੱਲ ਰਾਸ਼ੀ 1,19,000/-ਰੁਪਏ ਬਾਰੇ ਐਫ.ਆਰ.ਆਈ. ਦਰਜ ਹੋ ਚੁੱਕੀ ਹੈ ਅਤੇ ਸ੍ਰ: ਜਗਜੀਤ ਸਿੰਘ ਭਗਤਾਨਾ, ਐਸ.ਐਸ.ਪੀ. (ਰਿਟਾ.) ਸੀ: ਮੀਤ ਪ੍ਰਧਾਨ, ਪੰਜਾਬ ਦੀ ਅਗਵਾਈ ਵਿੱਚ ਅਗਲੇਰੀ ਕਾਰਵਾਈ ਲਈ ਯਤਨ ਜਾਰੀ ਹਨ।ਅਜੇ ਇਹ ਮਾਮਲਾ ਚੱਲ ਹੀ ਰਿਹਾ ਹੈ।

8. **ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ** - ਪਿਛਲੇ ਅੰਕ ਦਸੰਬਰ 2023 ਦੀ ਲਗਾਤਾਰਤਾ ਵਿੱਚ ਦੱਸਿਆ ਜਾਂਦਾ ਹੈ ਕਿ ਉਸਾਰੀ ਸਬ-ਕਮੇਟੀ ਵਲੋਂ ਅਗਲੇਰੀ ਕਾਰਵਾਈ ਕਰਦੇ ਹੋਏ ਮਿਤੀ 03-12-2023 ਨੂੰ ਪਾਠ ਅਤੇ ਅਰਦਾਸ ਉਪਰੰਤ ਨਵੀਂ ਭਾਈ ਲੱਖੀ ਸ਼ਾਹ ਬਿਲਡਿੰਗ ਦੀ ਉਸਾਰੀ ਦੇ ਸੰਬੰਧ ਵਿਚ ਵੇਰਵੇ ਸਹਿਤ ਤਿਆਰੀ ਕਰਦੇ ਹੋਏ ਅਤੇ ਸਾਰੇ ਪੱਖਾਂ ਨੂੰ ਘੋਖਦੇ ਹੋਏ ਟੈਂਡਰ ਪ੍ਰਾਪਤ ਹੋਣ ਉਪਰੰਤ ਉਸ ਦੀ ਅਗਲੇਰੀ ਕਾਰਵਾਈ ਕਰਦੇ ਹੋਏ ਵਿਸ਼ੇਸ਼ ਤੌਰ 'ਤੇ ਸਾਰੇ ਮਾਪਦੰਡਾਂ ਅਤੇ ਉਸਾਰੀ ਨਿਯਮਾਂ ਨੂੰ ਮਦੇਨਜ਼ਰ ਰੱਖਦੇ ਹੋਏ

ਵਿਚਾਰ ਚਰਚਾ ਕੀਤੀ ਗਈ ਅਤੇ ਨਵੀਂ ਉਸਾਰੀ ਕੰਮ ਨੂੰ ਅੱਗੇ ਵਧਾਉਣ ਵਿਚ ਸਰਵਸੰਮਤੀ ਨਾਲ ਤਕਰੀਬਨ ਅੰਤਲੇ ਕਦਮ ਤੇ ਪਹੁੰਚ ਚੁੱਕੇ ਹਾਂ। ਉਮੀਦ ਕੀਤੀ ਜਾਂਦੀ ਹੈ ਕਿ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ **"ਨਾਨਕ ਨਾਮਿ ਧਿਆਇਐ, ਕਾਰਜ ਆਵੈ ਰਾਸਿ"॥** ਦਾ ਉਸਾਰੀ ਦਾ ਕੰਮ ਛੇਤੀ ਸ਼ੁਰੂ ਕੀਤਾ ਜਾਵੇਗਾ। ਸਾਰੇ ਸਮੂਹ ਮੈਂਬਰਾਂ ਅਤੇ ਬਿਰਾਦਰੀ ਦੇ ਸੱਜਣਾਂ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਨਿੱਘੀ ਮਿੱਠੀ ਯਾਦ ਨੂੰ ਸਮਰਪਿਤ ਇਹ ਕਾਰਜ ਸੰਗਤਾਂ ਤਹਿ ਦਿਲੋਂ ਪੂਰਨ ਸਹਿਯੋਗ ਤਨ, ਮਨ ਅਤੇ ਧਨ ਨਾਲ ਕਰਨਗੀਆਂ। ਇਹ ਅਪੀਲ ਪ੍ਰਧਾਨ ਇੰਜ. ਹਰਭਜਨ ਸਿੰਘ ਸਾਬਕਾ ਡਿਪਟੀ ਚੀਫ਼ ਇੰਜ. ਵੱਲੋਂ ਵੀ ਵਿਸ਼ੇਸ਼ ਤੌਰ 'ਤੇ ਸਮੂਹ ਸੰਗਤਾਂ ਨੂੰ ਕੀਤੀ ਜਾਂਦੀ ਹੈ।

**9. ਭਾਈ ਲੱਖੀ ਸ਼ਾਹ ਬਲਾਕ ਉਸਾਰੀ ਬਾਰੇ (ਭਾਗ-1)** - ਮਿਤੀ 03-12-2023 ਦੀ ਉਸਾਰੀ ਸਬ-ਕਮੇਟੀ ਦੀ ਮੀਟਿੰਗ ਉਪਰੰਤ ਟੈਂਡਰ ਵਿਚ ਤਕਨੀਕੀ ਤੌਰ ਤੇ ਸ਼ਰਤਾਂ ਪੂਰੀਆਂ ਕਰਦੀ ਹੋਏ ਫਰਮ/ਠੇਕੇਦਾਰ ਨੂੰ ਚਰਚਾ ਅਤੇ ਰੇਟ ਘੱਟ ਕਰਨ ਦੇ ਲਈ, ਪ੍ਰਧਾਨ ਜੀ ਦੇ ਦਫ਼ਤਰ ਵਿਚ ਮਿਤੀ 20-12-2023 ਨੂੰ ਮੈਸ੍ਰਜ ਆਰ.ਕੇ. ਕੰਨਸਟਕਸ਼ਨ, ਪੰਚਕੂਲਾ ਨਾਲ ਵਿਸਥਾਰਤ ਘੋਖ ਅਤੇ ਚਰਚਾ ਕਰਨ ਉਪਰੰਤ ਠੀਕ ਪਾਇਆ ਗਿਆ ਹੈ। ਠੇਕੇਦਾਰ ਵੱਲੋਂ ਰੇਟਾਂ ਵਿਚ ਰੁਪਏ 1227.00 ਪ੍ਰਤੀ ਵਰਗ ਫੁੱਟ ਤੋਂ ਘਟਾ ਕੇ ਰੁਪਏ 1213.00 ਪ੍ਰਤੀ ਵਰਗ ਫੁੱਟ (ਇਕ ਹਜ਼ਾਰ ਦੋ ਸੌ ਤੇਰਾ ਰੁਪਏ) ਕੀਤੇ ਗਏ ਜੋ ਕਿ ਸਣੇ ਮਟੀਰੀਅਲ ਅਤੇ ਲੇਬਰ ਇਤਆਦਿ ਸੰਪੂਰਨ ਰੇਟ ਹਨ। ਇਸ ਰੇਟ ਨਾਲ ਜੀ.ਐਸ.ਟੀ. 18% ਵਾਧੂ ਹੋਣਗੇ। ਕੰਮ ਸੰਪੂਰਨਾ ਦਾ ਸਮਾਂ ਛੇ ਮਹੀਨੇ ਹੈ। ਮਿਤੀ 03-01-2024 ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਕਰਵਾ ਕੇ ਸਮੂਹ ਹਾਜ਼ਰ ਉਸਾਰੀ ਸਬ ਕਮੇਟੀ ਮੈਂਬਰਾਂ ਵੱਲੋਂ ਜ਼ਮੀਨੀ ਟੱਪ ਲਗਾ ਕੇ ਅਤੇ ਨਾਰੀਅਲ ਭੰਨ ਕੇ ਆਰੰਭਤਾ ਕਰ ਦਿੱਤੀ ਗਈ ਹੈ। ਵਾਹਿਗੁਰੂ ਦੀ ਮਿਹਰ ਸਦਕਾ ਕੰਮ ਨੂੰ ਸਮੇਂ ਤੋਂ ਪਹਿਲਾਂ ਨੇਪਰੇ ਚਾੜ੍ਹਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਹੀ ਇਹੋ ਜਿਹੇ ਕਾਰਜ ਸੰਸਥਾ ਦੇ ਆਸ਼ੇ ਮੁਤਾਬਿਕ ਲੋਕ ਸੇਵਾ ਨੂੰ ਅਰਪਣ ਕੀਤੇ ਜਾ ਸਕਣਗੇ ਜਿਸ ਨਾਲ ਖਾਸ ਤੌਰ ਤੇ ਉੱਚ ਡਾਕਟਰੀ ਸੇਵਾਵਾਂ, ਵਿਦਿਆ ਦੇ ਪਾਸਾਰ ਅਤੇ ਉੱਚ ਪਦਵੀਆਂ ਹਾਸਲ ਕਰਨ ਲਈ ਯੋਗ ਬੱਚਿਆਂ ਨੂੰ ਵਧੀਆ ਅਗਵਾਈ ਕਰਕੇ ਕੋਚਿੰਗ ਦੇ ਕੇ ਉਤਸ਼ਾਹਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਮਾਜ ਸੁਧਾਰਕ ਗਤੀਵਿਧੀਆਂ ਨੂੰ ਸਮਾਜ ਦੇ ਭਲੇ ਲਈ ਅਗਾਂਹਵਧੂ ਸੁਚਾਰੂ ਢੰਗ ਨਾਲ ਉਪਰਾਲੇ ਕੀਤੇ ਜਾਣਗੇ। ਹੋਰ ਵੀ ਸੰਗਤੀ ਸਲਾਹਾਂ ਅਤੇ ਮਨਜ਼ੂਰੀ ਉਪਰੰਤ ਫਾਊਂਡੇਸ਼ਨ ਸੰਵਿਧਾਨ ਮੁਤਾਬਿਕ ਕੰਮ ਨੂੰ ਪ੍ਰੋਤਸਾਹਨ ਕੀਤਾ ਜਾਵੇਗਾ।




**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

**ਕਮਰਿਆਂ ਦੀ ਬੁਕਿੰਗ**

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# ਖੁਸ਼ੀਆਂ ਤੇ ਚਾਵਾਂ ਦਾ ਤਿਉਹਾਰ ਲੋਹੜੀ




ਇੰਜੀਨੀਅਰ
ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ
99153-57524




ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਮਨੁੱਖ ਨੇ ਖੁਸ਼ੀਆਂ, ਸਧਰਾਂ, ਚਾਵਾਂ, ਖੇੜਿਆਂ ਆਦਿ ਨੂੰ ਲੱਭਣ ਲਈ ਮੇਲਿਆਂ, ਤਿਉਹਾਰਾਂ ਨੂੰ ਹੋਂਦ ਵਿਚ ਲਿਆਂਦਾ ਹੈ। ਮਨੁੱਖ ਦੀ ਜ਼ਿੰਦਗੀ ਵਿਚ ਖੂਬਸੂਰਤੀਆਂ, ਜੀਣ ਦੀ ਨਵੀਂ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਨੇ ਮੇਲੇ ਤੇ ਤਿਉਹਾਰ।

ਲੋਹੜੀ ਮਾਘ ਮਹੀਨੇ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜ੍ਹੀ ਦੀਆਂ ਫਸਲਾਂ ਬੀਜ ਕੇ ਵਿਹਲਾ ਹੋ ਚੁਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ ਜਿਸ ਘਰ ਵਿਚ ਲੜਕਾ ਹੋ ਜੰਮਿਆਂ ਹੋਵੇ ਉਸ ਦੀ ਸ਼ਗਨਾਂ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ। ਬੈਂਡ-ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ, ਨਾਤਿਆਂ ਦੇ ਗੀਤ ਅਤੇ ਟੱਪੇ ਆਦਿ ਸੁਣਾ ਕੇ ਹਾਸ ਵਿਅੰਗ ਦੇ ਮਖੌਲ-ਗਾਇਨ ਸੁਣਾ ਕੇ ਆਪਣੀ ਬਣਦੀ ਲੋਹੜੀ (ਵਧਾਈ) ਬਟੋਰ ਕੇ ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲਚੌਲੀ, ਮੱਕੀ ਦੇ ਫੁੱਲੇ, ਭੁੱਜੇ ਦਾਣੇ, ਗੁੜ, ਫੁੱਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ। ਗੰਨੇ ਦੀ ਰਹੁ (ਰਸ) ਦੀ ਖੀਰ ਬਣਾਈ ਜਾਂਦੀ ਹੈ। ਦਹੀ ਦੇ ਨਾਲ ਇਸਦਾ ਆਪਣਾ ਹੀ ਸੁਆਦ ਹੁੰਦਾ ਹੈ। ਜਿਸ ਨਵ-ਜੰਮੇ ਬੱਚੇ ਦੀ ਲੋਹੜੀ ਪਾਈ ਜਾਂਦੀ ਹੈ। ਦਾਦਕੇ, ਨਾਨਕੇ, ਰਿਸ਼ਤੇਦਾਰ ਉਸ ਲਈ ਸੁੰਦਰ ਕੱਪੜੇ, ਖਿਡਾਉਣੇ ਅਤੇ ਜੇਵਰਾਤ ਆਦਿ ਬਣਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ।

ਅੱਜ ਕੱਲ੍ਹ ਲੜਕੀਆਂ ਦੇ ਜੰਮਣ ਦੀ ਖੁਸ਼ੀ ਵੀ ਓਨੇ ਹੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਵਿਕਸਿਤ ਅਤੇ ਉੱਨਤ ਪਰਿਵਾਰਾਂ ਵਿਚ ਲੜਕੀਆਂ ਦੀ ਵੀ ਲੋਹੜੀ ਪਾਈ ਜਾਂਦੀ ਅਤੇ ਲੜਕੇ ਨਾਲੋਂ ਵੱਧ ਚਾਅ, ਖੁਸ਼ੀਆਂ ਲੜਕੀ ਦੀ ਲੋਹੜੀ ’ਤੇ ਕਰਦੇ ਹਨ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸਨੂੰ ਗਹਿਣੇ ਅਤੇ ਖਾਸ ਕਰਕੇ ਪੈਰਾਂ ਦੀਆਂ ਝਾਂਜਰਾਂ ਦੇਣਾ ਸ਼ੁੱਭ ਸ਼ਗਨ ਸਮਝਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਸੰਸਥਾਵਾਂ ਵਿਚ, ਸੱਥਾਂ, ਮੁਹੱਲਿਆਂ, ਬਜ਼ਾਰਾਂ ਆਦਿ ਵਿਚ ਲੰਬੀਆਂ ਲਕੜਾ ਦੇ ਢੇਰ ਬਣਾ ਕੇ ਜਾਂ ਗੋਹੇ ਦੀਆਂ ਪਾਥੀਆਂ ਅਤੇ ਟੱਕਲਿਆਂ ਦਾ ਢੇਰ ਬਣਾ ਕੇ ਉਸ ਦੀ ਅਗਨੀ ਦੇ ਸੇਕ ਦਾ ਲੁਤਫ ਲਿਆ ਜਾਂਦਾ ਹੈ। ਚਾਰ-ਚੁਫੇਰੇ ਪਸਰੀ ਠੰਢ ਅਤੇ ਰੂੰ ਵਾਂਗ ਫੈਲੀ ਧੁੰਦ ਵਿਚ ਸੇਕ ਦਾ ਆਪਣਾ ਹੀ ਆਨੰਦ ਹੁੰਦਾ ਹੈ। ਇਸ ਅਗਨੀ ਵਿਚ ਤਿਲ ਆਦਿ ਸੁੱਟਦੇ ਹਨ। ਘਰਾਂ ਵਿੱਚ ਸਾਰੇ ਦਾ ਸਾਰਾ ਪਰਿਵਾਰ ਬੈਠ ਕੇ ਖੁਸ਼ੀ ਦੀ ਅਭਿਵਿਅਕਤੀ ਲਈ ਗੀਤ, ਟੱਪੇ ਗਾਉਂਦੇ ਹਨ। ਦੇਰ ਰਾਤ ਤੱਕ ਢੋਲਕੀ ਦੀ ਆਵਾਜ਼, ਢੋਲ ਦੇ ਫੜਕਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂਅ, ਮੋਹ, ਮਮਤਾ ਅਤੇ ਪਿਆਰ ਦਾ ਨਜ਼ਾਰਾ ਚਹੁੰ ਪਾਸੇ ਪਸਰਿਆ ਨਜ਼ਰ ਆਉਂਦਾ ਹੈ।

ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਅਣਖੀ ਸੂਰਮਾ ਹੋਇਆ ਹੈ। ਉਹ ਜ਼ਾਲਮਾਂ, ਬੇਇਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁਖੀਆਂ, ਬੇ-ਸਹਾਰਿਆਂ, ਲੋੜਵੰਦਾਂ ਅਤੇ ਗਰੀਬਾਂ ਦੀ ਖੁੱਲ੍ਹ ਕੇ ਮਦਦ ਕਰਦਾ ਹੈ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਨ੍ਹਾਂ ਗਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ ’ਤੇ ਉਸ ਕੋਲ ਜੋ ਬਣਦਾ-ਸਰਦਾ ਸੀ ਉਨ੍ਹਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰ ਮੁੰਦਰੀਏ ਹੋ ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ, ਹੋ ਦੁੱਲੇ ਨੇ ਧੀ ਵਿਆਹੀ ਹੋ, ਸ਼ੇਰ ਸ਼ੱਕਰ ਪਾਈ ਹੋ, ਕੁੜੀ ਦੇ ਬੋਝੇ ਪਾਈ, ਹੋ ਕੁੜੀ ਦਾ ਲਾਲ ਪਟਾਕਾ ਹੋ, ਕੁੜੀ ਦਾ ਸ਼ਾਲੂ ਪਾਟਾ, ਹੋ, ਸ਼ਾਲੂ ਕੌਣ ਸਮੇਟੇ, ਹੋ, ਚਾਚਾ ਗਾਲੀ ਦੇਸੇ, ਹੋ, ਚਾਚੇ ਚੂਰੀ ਕੁੱਟੀ ਹੈ, ਜ਼ਿਮੀਦਾਰਾਂ ਲੁਟੀ, ਹੋ ਜ਼ਿਮੀਦਾਰ ਸਦਾਓ ਹੋ, ਗਿਣ-ਗਿਣ ਪੋਲੇ ਲਾਉ, ਇਕ ਪੋਲਾ ਘਸ ਗਿਆ, ਜ਼ਿਮੀਦਾਰ ਵਹੁਟੀ ਲੈ ਕੇ ਨਸ ਗਿਆ, ਹੋ, ਹੋ, ਹੋ, ਹੋ, ਹੋ, ਹੋ, ਹੋ।

ਲੜਕੇ-ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ। ਭਾਵੇਂ ਲੋਹੜੀ ਦੇ ਗੀਤ ਅਲੋਪ ਹੁੰਦੇ ਜਾ ਰਹੇ ਹਨ ਪਰ ਪੁਰਾਣੇ ਬਜ਼ੁਰਗਾਂ ਨੂੰ ਅਜੇ ਵੀ ਇਹ ਗੀਤ ਜ਼ੁਬਾਨੀ ਯਾਦ ਹਨ। ਲੋਹੜੀ ਤੇ ਦੂਸਰੇ ਦਿਨ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦੇ ਮਹੀਨੇ ਕਾਫੀ ਠੰਢ ਪੈਂਦੀ ਹੈ। ਇਸ ਮਹੀਨੇ ਵਿਚ ਵਿਆਹ ਨਹੀਂ ਕੀਤੇ ਜਾਂਦੇ। ਮਾਘ ਦੇ ਮਹੀਨੇ ਵਿਚ ਸਰਦੀ ਤਾਂ ਹੁੰਦੀ ਹੈ ਪਰ ਵਿਆਹ ਜ਼ਿਆਦਾ ਇਸ ਮਹੀਨੇ ਹੀ ਕੀਤੇ ਜਾਂਦੇ ਹਨ। ਇਸੇ ਮਹੀਨੇ ਮਾਘੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂੰਮ-ਧਾਮ ਨਾਲ ਤੇ ਸ਼ਰਧਾ ਨਾਲ ਮਨਾਉਂਦੇ ਹਨ। ਸ਼ਾਲਾ! ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਪਰੋ ਕੇ ਰੱਖੇ। ਜਿਸ ਤੋਂ ਸਾਂਝੀਵਾਲਤਾ ਦੇ ਰਿਸ਼ਤੇ ਦੀ ਖੁਸ਼ਬੂਅ ਹਮੇਸ਼ਾ-ਹਮੇਸ਼ਾ ਆਉਂਦੀ ਰਹੇ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ

ਪੰਜਾਬ ਗੌਰਮਿੰਟ ਦੇ ਆਰਡਰਾਂ ਅਨੁਸਾਰ ਮੈਂ 18-05-1963 ਨੂੰ ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਵਿਖੇ ਪਹੁੰਚ ਗਿਆ। ਇਹ ਰਾਜ ਦਾ ਸਭ ਤੋਂ ਪਹਿਲਾ ਖੁਲ੍ਹਿਆ ਇੰਜੀਨੀਅਰਿੰਗ ਕਾਲਜ ਹੈ। ਸੁੰਦਰ ਸ਼ਹਿਰ ਚੰਡੀਗੜ੍ਹ ਦੇ ਸੈਕਟਰ 12 ਦਾ ਬਹੁਤਾ ਹਿੱਸਾ ਇਸ ਕਾਲਜ ਨੇ ਮੱਲਿਆ ਹੋਇਆ ਹੈ। ਸੁੰਦਰ ਅਤੇ ਵਿਸ਼ਾਲ ਬਿਲਡਿੰਗ ਹੈ। ਦੱਸਦੇ ਹਨ ਕਿ ਸ਼ੁਰੂ 'ਚ ਜਦੋਂ ਅਜੇ ਪੰਜਾਬ ਵਿਧਾਨ ਸਭਾ ਦਾ ਭਵਨ ਬਣ ਕੇ ਤਿਆਰ ਨਹੀਂ ਸੀ ਹੋਇਆ, ਵਿਧਾਨ ਸਭਾ ਦੇ ਇਜਲਾਸ ਏਸੇ ਕਾਲਜ ਦੇ ਆਡੋਟੋਰੀਅਮ ਵਿੱਚ ਹੀ ਹੋਇਆ ਕਰਦੇ ਸਨ। ਪੰਜਾਬ ਦੇ ਬੀ.ਐਂਡ. ਆਰ. ਵਿਭਾਗ ਦੇ ਇਕ ਚੀਫ ਇੰਜੀਨੀਅਰ ਜੋ ਮੁੱਖ ਮੰਤਰੀ ਦਾ ਟੈਲੀਫੋਨ ਖੜ੍ਹੇ ਹੋ ਕੇ ਸੁਣਨ ਦੇ ਆਦੀ ਸਨ, ਉਸ ਵੇਲੇ ਕਾਲਜ ਦੇ ਪ੍ਰਿੰਸੀਪਲ ਸਨ। ਕਾਲਜ ਵਿੱਚ ਪੰਜ ਇੰਜੀਨੀਅਰਿੰਗ ਬਰਾਂਚਾਂ ਦੇ ਨਾਲ ਅਪਲਾਈਡ ਸਾਇੰਸ ਦਾ ਇਕ ਵੱਖਰਾ ਵਿਭਾਗ ਹੈ। ਕਾਲਜ ਕੈਂਪਸ ਵਿਖੇ ਇਕ ਪੁਰਾਣਾ ਰੇਲਵੇ ਇੰਜਣ ਅਤੇ ਇੱਕ ਹਵਾਈ ਜਹਾਜ਼ ਵੀ ਖੜ੍ਹਾ ਕੀਤਾ ਹੋਇਆ ਹੈ। ਕਾਲਜ ਵਿੱਚ ਪੰਜ ਹੋਸਟਲ ਸਨ ਜਿਨ੍ਹਾਂ ਦੇ ਨਾਂ ਹਿਮਾਲਿਆ, ਸ਼ਿਵਾਲਿਕ, ਵਿੰਧੀਆ ਆਦਿ ਪਹਾੜਾਂ ਅਤੇ ਧਾਰਮਿਕ ਸਥਾਨਾਂ ਦੇ ਨਾਵਾਂ 'ਤੇ ਰੱਖੇ ਗਏ ਸਨ।

ਸਾਲ 1963 ਤੋਂ ਕਾਲਜ ਵਿੱਚ ਇਕ ਨਵਾਂ ਕੋਰਸ ਪ੍ਰੋਡਕਸ਼ਨ ਇੰਜੀਨੀਅਰਿੰਗ ਸ਼ੁਰੂ ਕੀਤਾ ਗਿਆ ਸੀ। ਮੇਰੀ ਆਸਾਮੀ ਵੀ ਏਸੇ ਕੋਰਸ ਕਰਕੇ ਭਰੀ ਗਈ ਸੀ। ਇਸ ਲਈ ਇਕ ਨਵਾਂ ਹੋਸਟਲ 26 ਸੈਕਟਰ ਵਿੱਚ ਬਣਾਇਆ ਗਿਆ ਸੀ। ਜਿਸ ਦੇ ਵਾਰਡਨ ਦੀ ਜ਼ਿੰਮੇਵਾਰੀ ਵੀ ਮੈਨੂੰ ਸੌਂਪੀ ਗਈ ਸੀ। ਅਸੀਂ ਇਸ ਹੋਸਟਲ ਦਾ ਨਾਂ ਨੀਲਗਿਰੀ ਰੱਖਿਆ। ਹੋਸਟਲ ਅਤੇ ਮੈੱਸ ਲਈ ਸਟਾਫ ਵੀ ਭਰਤੀ ਕੀਤਾ ਗਿਆ। ਹੋਸਟਲ ਵਾਰਡਨ ਦੀ ਸੇਵਾ ਲਈ ਸਰਕਾਰੀ ਅਲਾਟ ਹੋਣ ਵਾਲਾ ਘਰ ਕਰਾਇਆ ਰਹਿਤ ਹੋਣਾ ਸੀ।

**ਪੁਰਾਣੇ ਸਹਿਪਾਠੀ** : ਇਸ ਕਾਲਜ ਵਿੱਚ ਮੈਨੂੰ ਆਪਣੇ ਤਿੰਨ ਪੁਰਾਣੇ ਸਹਿਪਾਠੀ ਵੀ ਮਿਲੇ ਜਿਨ੍ਹਾਂ ਵਿੱਚੋਂ ਪ੍ਰੋ. ਜਗਦੇਵ ਸਿੰਘ ਬਾਜਵਾ ਜੋ ਮਾਹਿਲਪੁਰ ਕਾਲਜ ਵਿਚ ਮੇਰੇ ਕਲਾਸ ਫੈਲੋ ਸਨ, ਪ੍ਰੋ. ਬਲਬੀਰ ਸਿੰਘ ਜੋ ਲੁਧਿਆਣਾ ਗੌਰਮਿੰਟ ਕਾਲਜ ਦੇ ਰਾਮਬਾਗ ਹੋਸਟਲ ਵਿਚ ਮੇਰੇ ਨਾਲ ਦੇ ਕਮਰੇ ਵਿੱਚ ਰਹਿੰਦੇ ਸਨ ਅਤੇ ਇੰਜ. ਹਰਬੰਸ ਸਿੰਘ ਬੈਂਸ ਜੋ ਮਾਹਿਲਪੁਰ ਕਾਲਜ ਵਿਚ ਮੇਰੇ ਜੂਨੀਅਰ ਸਨ ਸ਼ਾਮਿਲ ਸਨ।

ਇਨ੍ਹਾਂ ਨੂੰ ਮਿਲ ਕੇ ਬੜੀ ਖੁਸ਼ੀ ਹੋਈ ਅਤੇ ਹੌਂਸਲਾ ਹੋਇਆ। ਇਨ੍ਹਾਂ ਤੋਂ ਇਲਾਵਾ ਡਾ. ਗੁਰਦੇਵ ਸਿੰਘ ਗੋਸਲ ਜੋ ਪੰਜਾਬ ਯੂਨੀਵਰਸਿਟੀ ਵਿੱਚ ਭੂਗੋਲ ਵਿਭਾਗ ਦੇ ਮੁਖੀ ਸਨ ਅਤੇ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਸਾਡਾ ਇੱਕੋ ਟਟੋਰੀਅਲ ਗਰੁੱਪ ਸੀ ਅਤੇ ਲੁਧਿਆਣਾ ਕਾਲਜ ਦੇ ਰਾਮ ਬਾਗ ਹੋਸਟਲ ਵਿਚ ਮੇਰੇ ਨਾਲ ਰਹਿੰਦੇ ਸਨ, ਅਕਸਰ ਮਿਲਿਆ ਕਰਦੇ ਸਨ।

ਕਾਲਜ ਵਿੱਚ ਜਾਇਨ ਕਰਨ ਤੋਂ ਬਾਅਦ ਸਭ ਤੋਂ ਪਹਿਲਾਂ ਆਪਣੇ ਇਕ ਪੁਰਾਣੇ ਸਾਥੀ ਪ੍ਰੀਤਮ ਸਿੰਘ ਮੁਲਤਾਨੀ ਨੂੰ ਮਿਲਿਆ ਜੋ ਪੰਜਾਬ ਸਿਵਲ ਸੈਕਟਰੀਏਟ ਵਿੱਚ ਕਿਸੇ ਵਿਭਾਗ ਦੇ ਸੁਪਰਡੈਂਟ ਵਜੋਂ ਸੇਵਾ ਨਿਭਾਅ ਰਹੇ ਸਨ ਅਤੇ ਬਾਅਦ ਵਿੱਚ ਬਤੌਰ ਅੰਡਰ ਸੈਕਟਰੀ ਸੇਵਾ ਮੁਕਤ ਹੋਏ। ਉਹ ਸੈਕਟਰ 23 ਵਿਖੇ ਗੌਰਮਿੰਟ ਹਾਊਸ ਵਿਚ ਰਹਿੰਦੇ ਸਨ। ਮੈਂ ਤੇ ਮੁਲਤਾਨੀ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਇਕੋ ਵਕਤ ਪੜ੍ਹਦੇ ਸਾਂ ਅਤੇ ਉਹ ਮੇਰੇ ਤੋਂ ਕਾਫੀ ਸੀਨੀਅਰ ਸਨ। ਉਨ੍ਹਾਂ ਹਾਲ ਦੀ ਘੜੀ ਆਪਣੇ ਇੱਕ ਰਿਸ਼ਤੇਦਾਰ ਦਾ ਸੈਕਟਰ 22 ਬੀ ਦੇ ਨੰ: 1204 ਘਰ ਦੀ ਦੂਜੀ ਮੰਜ਼ਿਲ ਦਾ ਪੂਰਾ ਸੈੱਟ ਕਰਾਏ ਤੇ ਲੈ ਦਿੱਤਾ। ਵਾਰੀ ਸਿਰ ਅਲਾਟ ਹੋਣ ਵਾਲੇ ਸਰਕਾਰੀ ਘਰ ਲਈ ਵੀ ਅਰਜ਼ੀ ਪਾ ਦਿੱਤੀ। ਪਰਿਵਾਰ ਚੰਡੀਗੜ੍ਹ ਪਹੁੰਚ ਗਿਆ ਅਤੇ ਬੱਚੇ ਥਾਉਂ ਥਾਈਂ ਸਕੂਲਾਂ ਵਿੱਚ ਦਾਖਲ ਹੋ ਗਏ।

ਸੈਕਟਰ 22 ਦੀ ਪ੍ਰਸਿੱਧ ਮਾਰਕੀਟ ਵੀ ਘਰ ਲਾਗੇ ਹੀ ਸੀ ਜਿਥੇ ਬੱਚੇ ਸ਼ਾਮ ਨੂੰ ਗੇੜਾ ਲਾ ਲੈਂਦੇ ਸਨ। ਚੰਡੀਗੜ੍ਹ ਹੌਲੀ-ਹੌਲੀ ਉਸਰ ਰਿਹਾ ਸੀ। ਇਸ ਘਰ ਦੇ ਸਾਹਮਣੇ ਵੱਡੀਆਂ-ਵੱਡੀਆਂ ਬਿਲਡਿੰਗਾਂ ਅਤੇ ਸ਼ੋ-ਰੂਮ ਅਜੇ ਨਹੀਂ ਸਨ ਬਣੇ। ਇਥੇ ਅੰਬਾਂ ਦੇ ਬਿਰਧ ਰੁੱਖ ਸਨ ਜਿਨ੍ਹਾਂ ਨਾਲ ਰੁੱਤ ਵੇਲੇ ਲੱਗੀਆਂ ਅੰਬੀਆਂ ਨਜ਼ਰ ਆਉਂਦੀਆਂ ਸਨ ਜਿਨ੍ਹਾਂ ਕਰਕੇ ਪਹਿਲਾਂ ਇਹ ਇਲਾਕਾ ਮਸ਼ਹੂਰ ਸੀ। ਚੰਡੀਗੜ੍ਹ ਦੇ ਸੈਕਟਰ 17 ਦੇ ਵੱਡੇ ਬੱਸ ਅੱਡੇ ਤੋਂ ਨਿਕਲਦੀਆਂ ਅਤੇ ਆਉਂਦੀਆਂ ਬੱਸਾਂ ਵੀ ਇਸ ਘਰ ਤੋਂ ਵਿਖਾਈ ਦੇਂਦੀਆਂ ਸਨ। ਬਾਹਰੋਂ ਆਉਣ ਵਾਲਿਆਂ ਲਈ ਘਰ ਲੱਭਣਾ ਬੜਾ ਆਸਾਨ ਸੀ। ਕੋਈ ਰਿਕਸ਼ਾ ਵੀ ਨਹੀਂ ਸੀ ਕਰਵਾਉਣਾ ਪੈਂਦਾ। ਚੰਡੀਗੜ੍ਹ ਵਿਖੇ ਹਰ ਰੋਜ਼ ਸ਼ਾਮ ਨੂੰ ਪੂਰਬ ਤੋਂ ਪੱਛਮ ਵੱਲ ਨੂੰ ਜ਼ੋਰ ਜ਼ੋਰ ਦੀ ਹਵਾ ਚਲਦੀ ਸੀ। ਜਿਸ ਕਰਕੇ ਮੇਰਾ ਸ਼ਾਮ ਨੂੰ ਸੈਕਟਰ 26 ਦੇ ਨੀਲਗਿਰੀ ਹੋਸਟਲ ਸਾਈਕਲ ਤੇ ਜਾਣਾ ਔਖਾ ਲੱਗਦਾ ਸੀ। ਚੰਡੀਗੜ੍ਹ ਵਿਖੇ ਯਾਤਰੀਆਂ ਦੇ ਵੇਖਣਯੋਗ ਸਥਾਨਾਂ ਵਿੱਚ ਪੰਜਾਬ ਸਿਵਲ ਸਕੱਤਰੇਤ, ਹਾਈ ਕੋਰਟ, ਵਿਧਾਨ ਸਭਾ ਭਵਨ, ਸੁਖਨਾ ਲੇਕ, ਰਾਕ ਗਾਰਡਨ, ਰੋਜ਼ ਗਾਰਡਨ, ਸੈਕਟਰ 10 ਦਾ ਅਜੈਬ ਘਰ, ਪੰਜਾਬ ਯੂਨੀਵਰਸਿਟੀ ਅਤੇ ਪੀ.ਜੀ.ਆਈ. ਆਦਿ ਸ਼ਾਮਿਲ ਹਨ। ਬੱਚਿਆਂ ਨੇ ਹੌਲੀ-ਹੌਲੀ ਇਨ੍ਹਾਂ ਸਾਰੇ ਸਥਾਨਾਂ ਦੀ ਯਾਤਰਾ ਕਰ ਲਈ। 1965 ਦੇ ਭਾਰਤ ਪਾਕਿ ਜੰਗ ਦੌਰਾਨ ਬਲੈਕ ਆਊਟ ਅਤੇ ਹਵਾਈ ਹਮਲੇ ਦੇ ਖਤਰੇ ਦੇ ਸਾਇਰਨ ਦਾ ਨਵਾਂ ਅਨੁਭਵ ਵੀ 22 ਸੈਕਟਰ ਦੇ ਏਸੇ ਘਰ ਵਿੱਚ ਝੱਲਣਾ ਪਿਆ। ਭਲੇ ਨੂੰ ਇਹ 6 ਸਤੰਬਰ ਤੋਂ 22 ਸਤੰਬਰ ਤੱਕ 17 ਦਿਨ ਦੀ ਜੰਗ ਛੇਤੀ ਬੰਦ ਹੋ ਗਈ ਸੀ। ਲਗਭਗ ਇਕ ਸਾਲ ਦੀ ਉਡੀਕ ਮਗਰੋਂ ਸਰਕਾਰੀ ਘਰ ਸੈਕਟਰ 11 ਵਿੱਚ 576 ਨੰ ਅਲਾਟ ਹੋ ਗਿਆ। ਇਹ ਇਕ ਤਿੰਨ ਮੰਜ਼ਿਲਾ ਘਰ ਸੀ ਜਿਸ ਵਿੱਚ ਡਰਾਇੰਗ, ਡਾਇਨਿੰਗ, ਕਿਚਨ, ਤਿੰਨ ਬੈੱਡ ਰੂਮ, ਤੀਜੀ ਮੰਜ਼ਿਲ 'ਤੇ ਮਾਉਂਟੀ ਅਤੇ ਪਿਛਲੇ ਪਾਸੇ ਫੁੱਲ ਬੂਟੇ ਅਤੇ ਸਬਜ਼ੀਆਂ ਲਾਉਣ ਲਈ ਇਕ ਖੁੱਲ੍ਹਾ ਕੱਚਾ ਵੇਹੜਾ ਸੀ। ਏਥੋਂ ਕਾਲਜ ਬੜਾ ਨੇੜੇ ਸੀ ਅਤੇ ਦੁਪਹਿਰੇ ਲੰਚ ਵੇਲੇ ਵੀ ਘਰ ਆਇਆ ਜਾ ਸਕਦਾ ਸੀ।

**ਅਸਿਸਟੈਂਟ ਪ੍ਰੋਫੈਸਰ ਵਜੋਂ ਪ੍ਰੋਮੋਸ਼ਨ** : ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸੱਦੇ ਤੇ ਮੈਂ ਇਕ ਵਾਰੀ ਫਿਰ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਦੇ ਅਪਲਾਈਡ ਸਾਇੰਸ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ (ਮੈਥ) ਦੀ ਆਸਾਮੀ ਲਈ ਮਈ 1965 ਵਿੱਚ ਇੰਟਰਵਿਊ ਲਈ ਗਿਆ ਅਤੇ ਫਿਰ ਸਿਲੈਕਟ ਹੋ ਗਿਆ। ਗੌਰਮਿੰਟ ਵੱਲੋਂ ਨਿਯੁਕਤੀ ਪੱਤਰ ਜਾਰੀ ਹੋਣ ਤੇ ਮਿਤੀ 07-06-1965 ਨੂੰ ਬਤੌਰ ਅਸਿਸਟੈਂਟ ਪ੍ਰੋਫੈਸਰ ਜਾਇਨ ਕਰ ਲਿਆ।

(ਚਲਦਾ)

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।

ਭਗਵਾਨ ਸਿੰਘ ਲੁਬਾਣਾ



ਬਿੱਟੂ ਲਹਿਰੀ

## ਸ਼ੇਅਰ

ਜੱਲਾ - ਸਭ ਨੂੰ ਫ਼ਤਹਿ ਬੁਲਾਉਂਦਾ ਛੱਲਾ, ਲੈ ਗਲੀ ਬਜ਼ਾਰੇ ਜਾਵਾਂ।
ਝੱਟ ਢਾਕ ਤੋਂ ਲਹਿੰਦਾ ਥੱਲੇ, ਜਿਵੇਂ ਵੇਖਿਆ ਹਾਲ ਸੁਣਾਵਾਂ।

ਸੁਆਣੀ - ਖੇਡਦਾ ਅੱਲ੍ਹਾ ਅੱਲ੍ਹਾ ਕਰਦਾ, ਜਦ ਤੱਕਾਂ ਧਿਆਨ ਲਗਾਕੇ।
ਪ੍ਰਛਾਵਾਂ ਇਹਦਾ ਵਿੱਚ ਜੰਨਤ ਦੇ, ਜਦ ਸੋਚਾਂ ਸੋਚ ਬਣਕੇ।

ਜੱਲ੍ਹਾ - ਬੱਚੇ ਗੱਗੜਾਂ ਖੇਡਦੇ ਵੇਖੇ, ਛੱਲਾ ਮੂੰਹ ਪਾਸੇ ਕਰ ਲੰਘੇ।
ਕਬਾਬ ਰਿੰਨੇ ਹੱਟ ਤੇ ਮਾਛੀ, ਕਹਿੰਦਾ ਇਹ ਕੰਮ ਨਹੀਂ ਜੇ ਚੰਗੇ।

ਸੁਆਣੀ - ਆਪੇ ਨਹਾਵੇ ਆਪੇ ਧੋਵੇ, ਤੇ ਪੰਜ ਨਮਾਜ਼ਾਂ ਪੜ੍ਹਦਾ।
ਕਹਿੰਦੀ ਅੰਮੀ ਮੱਕੇ ਜਾਂਦਾ, ਇਹ ਰਸਤਾ ਉਹਦੇ ਘਰ ਦਾ।

ਜੱਲ੍ਹਾ - ਕਹਿੰਦਾ ਵਾਹਵਾ ਚਿਰ ਹੋ ਗਿਆ, ਅੱਬਾ ਚੱਲੀਏ ਅੰਮੀ ਕੱਲੀ।
ਜਾ ਮਸੀਤੇ ਸਿਜਦਾ ਕਰਨਾ, ਅੰਮੀ ਖੜੀ ਹੋਣੀ ਰਾਹ ਮੱਲੀ।

ਸੁਆਣੀ - ਰੀਸਾਂ ਲਾਹੁੰਦਾਂ ਸੋਟੀ ਫੜ੍ਹ ਕੇ, ਤੇ ਬੁੱਢਾ ਬਣ ਕੇ ਤੁਰਦਾ।
ਹੱਸਦਾ 'ਲਹਿਰੀ' ਗਲ ਆ ਮਿਲਦਾ, ਜਾ ਬੂਹੇ ਕੋਲੋਂ ਮੁੜਦਾ।

**ਵਿਸਥਾਰ** - ਜੱਲ੍ਹਾ ਤੇ ਜੱਲ੍ਹੇ ਦੀ ਸੁਆਣੀ ਘਰ ਵਿੱਚ ਬੈਠੇ ਛੱਲੇ ਦੀਆਂ ਗੱਲਾਂ ਕਰ ਰਹੇ ਸਨ। ਜੱਲ੍ਹਾ ਆਪਣੀ ਸੁਆਣੀ ਨੂੰ ਕਹਿੰਦਾ, ਕਰਮਾਂ ਵਾਲੀਏ ਛੱਲਾ ਆਪਣਾ ਤਾਂ ਰੱਬ ਦੀ ਘੱਲੀ ਹੋਈ ਬਹੁਤ ਪਿਆਰੀ ਰੂਹ ਲੱਗਦਾ ਏ। ਛੱਲੇ ਦੀ ਅੰਮੀ ਛੱਲੇ ਦੇ ਅੱਬਾ ਨੂੰ ਕਹਿੰਦੀ, ਸਾਰੇ ਬੱਚੇ ਹੀ ਰੱਬ ਦੀਆਂ ਪਿਆਰੀਆਂ ਰੂਹਾਂ ਹਨ। ਦੋਵੇਂ ਜੀਅ ਫਕੀਰ ਸਾਈਂ ਨੂੰ ਯਾਦ ਕਰਦੇ ਹੋਏ ਆਖਦੇ ਹਨ –

## ਸ਼ੇਅਰ

ਜੱਲ੍ਹਾ - ਸਬਰ ਸੁਭਾਅ ਤੱਕ ਰਹਿਮਤ ਹੋਈ, ਫ਼ਕੀਰ ਸਾਈਂ ਘਰ ਆਇਆ।
ਚਾਰ ਵਰ੍ਹੇ ਤੋਂ ਲੰਘਿਆ ਛੱਲਾ, ਮੁੜ ਫ਼ਕੀਰ ਨਾ ਫੇਰਾ ਪਾਇਆ।

ਸੁਆਣੀ - ਸੁੱਖਾਂ ਵਿੱਚ ਸ਼ਰੀਕ ਨੇ ਸਾਰੇ, ਵਿੱਚ ਦੁੱਖਾਂ ਅੱਲ੍ਹਾ ਸਾਈਂ।
ਭੋਜਨ ਖੁਆਉਣ ਨੂੰ ਜੀਅ ਕਰਦਾ, ਹੱਥ ਜੋੜਾਂ ਲੱਭ ਲਿਆਈਂ।

ਜੱਲ੍ਹਾ - ਮੈਂ ਬੜਾ ਸੋਚਦਾ ਕਦੇ ਨਹੀਂ ਆਇਆ, ਪਾ ਸਾਡੇ ਸੰਗ ਰਿਸ਼ਤਾ।
ਕੁੱਲ ਅੱਲ੍ਹਾ ਦੇ ਲਾਇਕ ਮੈਂ ਜਾਣਾ, ਰੱਬ ਦਾ ਇਹ ਫਰਿਸ਼ਤਾ।

ਸੁਆਣੀ - ਸਾਵਾ ਬਾਣਾ ਮੋਢੇ ਬਗਲੀ, ਘਰ ਆਇਆ ਦਿਨ ਜੁੰਮਾ।
ਘਰ ਆਵੇ ਰੱਜ਼ ਦਰਸ਼ਨ ਕਰਲਾਂ, ਦਿਲ ਕਰਦਾ ਆਟਾ ਗੁੰਨਾ।

ਜੱਲ੍ਹਾ - ਰੀਤ ਕਰਾਂਗੇ ਛੱਲੇ ਦੀ ਹੁਣ, ਆਊ ਸਾਈਂ ਦਿਲ ਮੇਰਾ ਕਹਿੰਦਾ।
ਫ਼ਕੀਰ ਨੂੰ ਚੋਲਾ ਦੇਣਾ ਮੰਨਿਆ, ਲਹਿ ਜੂ ਭਾਰ ਜੋ ਸਿਰ ਤੇ ਰਹਿੰਦਾ।

ਸੁਆਣੀ - ਮੰਨ ਵਿੱਚ ਸੁੱਖਿਆ ਬਗਲੀ ਦੇਵਾਂ, ਖੁੱਲ੍ਹ ਗਏ ਕਿਸਮਤ ਦੇ ਤਾਲੇ।
ਸੁੱਖ ਸੁੱਖਣੀ ਬੜੀ ਸੁਖਾਲੀ ਹੁੰਦੀ, 'ਲਹਿਰੀ' ਲਾਹੁੰਦੇ ਕਰਮਾਂ ਵਾਲੇ।

**ਵਿਸਥਾਰ** - ਜੱਲ੍ਹੇ ਨੇ ਛੱਲੇ ਪੁੱਤਰ ਲਈ ਪੀਰ ਪੈਗੰਬਰਾਂ ਦੇ ਦਰਬਾਰਾਂ ਤੇ ਜਾ ਕੇ ਸਾਰੀਆਂ ਸੁੱਖੀਆਂ ਹੋਈਆਂ ਸੁੱਖਾਂ ਵੀ ਲਾਹ ਦਿੱਤੀਆਂ ਤੇ ਛੱਲੇ ਦੀ ਲੰਬੀ ਉਮਰ ਲਈ ਕਾਮਨਾ ਕੀਤੀ ਗਈ।

### ਸ਼ੇਅਰ

**1. ਪੁੱਛੇ ਜੱਲ੍ਹਾ ਸੁਆਣੀ ਤਾਂਈ, ਗੱਲਾਂ ਰਹਿਣ ਕਦੇ ਨਾ ਲੁੱਕੀਆਂ।**
**2. ਹੰਝਰਾ ਭਰ-ਭਰ ਬੁੱਕੀਆਂ ਡੋਲ੍ਹੇ, ਹੋ ਗੀਆਂ ਸਹਿਤਾਂ ਭੁੱਤੀਆਂ।**
**3. ਜੱਗ ਦਾ ਮੂਲ ਹੈ ਅੱਖੀਂ ਡਿੱਠਾ, ਇਹ ਪਈਆਂ ਕਿਸਮਤਾਂ ਸੁੱਤੀਆਂ।**
**4. ਦੀਨੋ ਦੀਨ ਹੈ ਪੱਕੇ ਰਹਿਣਾ, ਜਿੱਥੇ ਜੋ-ਜੋ ਗੱਲਾਂ ਮੁੱਕੀਆਂ।**
**5. ਚੱਲ ਹੁਣ ਆਪਾਂ ਲਾਹਵਣ ਚੱਲੀਏ, ਜਿੱਥੇ-ਜਿੱਥੇ ਸੁੱਖਾਂ ਸੁੱਖੀਆਂ।**
**6. ਕੋਈ ਵੀ ਦਰ ਨਾ ਰਹਿ ਜੇ 'ਲਹਿਰੀ', ਜਿੱਥੇ ਜਾ-ਜਾ ਗਰਦਨਾਂ ਝੁੱਕੀਆਂ।**

**ਵਿਸਥਾਰ** - ਜੱਲ੍ਹੇ ਤੇ ਉਸ ਦੀ ਘਰਵਾਲੀ ਨੇ ਜਿਹੜੇ ਪੀਰਾਂ ਫਕੀਰਾਂ ਦੀਆਂ ਦਰਗਾਹਾਂ ਤੇ ਸੁੱਖਾਂ ਸੁੱਖੀਆਂ ਸਨ। ਉਹ ਸਭ ਲਾਹ ਦਿੱਤੀਆਂ ਤੇ ਘਰ ਆ ਕੇ ਕਹਿ ਰਹੇ ਸਨ।

### ਸ਼ੇਅਰ

**1. ਆਪ ਮੁਦੱਈ ਤੇ ਆਪ ਗਵਾਹ, ਲਹਿ ਗਈਆਂ ਸੁੱਖਾਂ ਪਾਕ ਹੋ ਗਏ।**
**2. ਪਹਿਲਾਂ ਦਿੰਦਾ ਫਿਰ ਉਹ ਲੈਂਦਾ, ਤਾਂ ਹੀ ਤਾਂ ਗੂੜੇ ਸਾਕ ਹੋ ਗਏ।**
**3. ਰਿਜ਼ਕ ਪੁੱਤਰ ਸਭ ਮੌਲਾ ਦਿੱਤਾ, ਤਾਂ ਕੋਠਿਆਂ ਤਾਂਈ ਤਾਕ ਹੋ ਗਏ।**
**4. ਮੰਨਤਾਂ ਸੁੱਖ ਨਾ ਲਾਹੀਆਂ ਜਿਨ੍ਹਾਂ, 'ਲਹਿਰੀ' ਤੱਕਿਆ ਖਾਕ ਹੋ ਗਏ।**

**ਵਿਸਥਾਰ** - ਜੱਲ੍ਹੇ ਨੇ ਆਪਣੀ ਸੁਆਣੀ ਨੂੰ ਕਿਹਾ, "ਆਪਾਂ ਦੋਵੇਂ ਜੀਅ ਹੁਣ ਬਿਰਧ ਹੁੰਦੇ ਜਾ ਰਹੇ ਹਾਂ, ਆਪਾਂ ਹੁਣ ਆਪਣੇ ਘਰ ਵਿੱਚ ਖੁਸ਼ੀ ਦੀਆਂ ਰੌਣਕਾਂ ਲਾਈਏ।" ਛੱਲੇ ਦੀ ਅੰਮੀ ਨੇ ਕਿਹਾ, "ਛੱਲੇ ਦੇ ਅੱਬਾ, ਆਪਾਂ ਛੱਲੇ ਦੀ ਗੀਤ ਕਰ ਦੇਈਏ।" ਜੱਲ੍ਹੇ ਤੇ ਜੱਲ੍ਹੇ ਦੀ ਘਰਵਾਲੀ ਨੇ ਪੁੱਤਰ ਛੱਲੇ ਦੀ ਇੱਕ ਜਿਉਂਦੀ-ਜਾਗਦੀ ਮਿਸਾਲ ਗੀਤ ਵੀ ਕੀਤੀ। ਛੱਲੇ ਦੀ ਗੀਤ ਦੀਆਂ ਧੁੰਮਾਂ ਕਿਸ ਤਰ੍ਹਾਂ ਪਈਆਂ।

(ਚਲਦਾ)

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

● ● ●

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਭਿਖਾਰੀ** : ਇਹ ਅੱਖ ਕਦੋਂ ਖੁੱਲ੍ਹੇਗੀ?

**ਖੋਜੀ** : ਠੀਕ ਸਾਢੇ ਦਸ ਵਜੇ, ਅਜੇ ਤਾਂ ਉਹਨੂੰ ਨੀਂਦ ਦੀ ਘੁੱਕੀ ਚੜ੍ਹੀ ਪਈ ਏ।

**ਭਿਖਾਰੀ** : ਰਾਤ ਕਿਤੇ ਲੰਗਰ ਦੀ ਤਬਾਹੀ ਤਾਂ ਨਹੀਂ ਕਰ ਗਈ?

**ਖੋਜੀ** : ਨਹੀਂ ਰਾਤ, ਉਹ ਬਿਲਕੁਲ ਨਵੀਂ ਫ਼ਿਲਮ ਦੀ ਕੈਸੇਟ ਲਿਆ ਕੇ ਫ਼ਿਲਮ ਵੇਖਦੀ ਰਹੀ।

**ਬਾਊ** : ਹਾਂ ਵੇਖਦੀ ਰਹੀ ਏ ਕਮਬਖ਼ਤ.....ਪਰ ਤੈਨੂੰ ਕੀ?

**ਖੋਜੀ** : ਆਪਣੀ ਸ੍ਰੀਮਤੀ ਦੇ ਸਾਹਮਣੇ ਕਮਬਖ਼ਤ ਕਹੇਂ ਤਾਂ ਮਜਾ ਆ ਜਾਵੇ। ਤੇਰੀ ਤਕਦੀਰ ਬਦਲ ਜਾਵੇਗੀ।

**ਬਾਊ** : ਇਹ ਗੱਲ ਤੁਸੀਂ ਕਿਵੇਂ ਕਹਿ ਸਕਦੇ ਹੋ?

**ਖੋਜੀ** : ਮੇਰੇ ਆਹ ਚਿੱਟੇ ਵਾਲ ਦੱਸਦੇ ਪਏ ਨੇ।

**ਭਿਖਾਰੀ** : ਰਾਤ ਵਾਲੀ ਫ਼ਿਲਮ ਕੋਈ ਖਾਸ ਫ਼ਿਲਮ ਸੀ ਜਿਹਦੇ ਕਰਕੇ ਉਹ ਅੱਧੀ ਰਾਤ ਤੱਕ ਜਾਗਦੀ ਰਹੀ?

**ਖੋਜੀ** : ਹਾਂ, ਉਹ ਬੜੀ ਟਰੈਜਡੀ ਵਾਲੀ ਫ਼ਿਲਮ ਸੀ, ਕਿਆ ਸਸਪੈਂਸ ਸੀ ਫ਼ਿਲਮ ਵਿਚ। ਟਰੈਜਡੀ ਵਾਲੀ ਫ਼ਿਲਮ ਇਸ ਬਾਊ ਤੇ ਟਰੈਜਡੀ ਲੈ ਆਈ!

**ਭਿਖਾਰੀ** : ਇਸ ਬਾਊ ਨੂੰ ਕੀ, ਇਹ ਤਾਂ ਅਰਾਮ ਨਾਲ ਸੁੱਤਾ ਹੋਵੇਗਾ?

**ਖੋਜੀ** : ਸਾਰੀ ਰਾਤ ਬਿਸਤਰੇ 'ਤੇ ਉਸਲਵੱਟੇ ਲੈਂਦਾ ਰਿਹੈ.....

**ਭਿਖਾਰੀ** : ਪਰ ਉਹ ਕਿਉਂ?

**ਖੋਜੀ** : ਇਹ ਭਲਾਮਾਣਸ ਆਪਣੀ ਦੁਨੀਆਂ ਵਿਚ ਤੜਕਦਾ ਰਿਹੈ। ਕਲ੍ਹ ਇਹਦੀ ਕਿਸੇ ਡਾਹਢੇ ਨਾਲ ਤੂੰ ਤੂੰ ਮੈਂ ਮੈਂ ਹੋ ਗਈ। ਇਹ ਉਹਦੀ ਫਾਇਲ ਅਗਾਂਹ ਤੋਰਨ ਬਦਲੇ ਉਹਦੀ ਜੇਬ ਦਾ ਭਾਰ ਘੱਟ ਕਰਨਾ ਚਾਹੁੰਦਾ ਸੀ।

**ਭਿਖਾਰੀ** : ਤੇ ਆਪਣੀ ਜੇਬ ਭਾਰੀ ਕਰਨਾ ਚਾਹੁੰਦਾ ਸੀ ਨਾ?

**ਖੋਜੀ** : ਹਾਂ, ਪਰ ਉਹ ਬੰਦਾ ਕਹੇ ਪੈਸਾ ਇਕ ਨਹੀਂ ਦੇਣਾ ਤੇ ਕੰਮ ਵੀ ਜੁੱਤੀ ਦੇ ਜ਼ੋਰ ਨਾਲ ਕਰਵਾਉਣਾ ਏ। ਪਰ ਇਹ ਬਾਊ ਲੋਕ ਪਤਾ ਨਹੀਂ ਕਿਹੜੀ ਚੱਕੀ ਦਾ ਆਟਾ ਖਾਂਦੇ ਨੇ, ਅਗਲੇ ਨੂੰ ਕਿਸੇ ਨਾ ਕਿਸੇ ਘੁੰਡੀ ਵਿਚ ਫਸਾ ਹੀ ਲੈਂਦੇ ਨੇ। ਇਸ ਬਾਊ ਨੇ ਉਸ ਬੰਦੇ ਦੀ ਫਾਇਲ ਹੀ ਲੁਕੋ ਦਿੱਤੀ।

**ਭਿਖਾਰੀ** : ਮਤਲਬ ਸਾਰਾ ਸਿਆਪਾ ਹੀ ਖਤਮ ਕਰ ਦਿੱਤਾ। ਬਾਊ ਜੀ, ਉਸ ਵਿਚਾਰੇ ਦਾ ਕੰਮ ਕਰ ਦੇਣਾ ਸੀ।

**ਖੋਜੀ** : ਇਹਨਾਂ ਬਾਊਆਂ ਨੇ ਫਾਇਲ ਨਾਲ ਕੁੰਡੀ ਲਾਈ ਹੁੰਦੀ ਏ, ਮੱਛੀ ਕਿਧਰ ਜਾਵੇਗੀ? ਬਾਊ ਲੋਕ ਮੁਫ਼ਤ ਕੰਮ ਕਰਨ ਤਾਂ ਭੁੱਖੇ ਨਾ ਮਰ ਜਾਣ।

**ਭਿਖਾਰੀ** : ਇਸ ਬਾਊ ਨੂੰ ਤਨਖਾਹ ਨਹੀਂ ਮਿਲਦੀ?

**ਖੋਜੀ** : ਮਹੀਨੇ ਬਾਅਦ ਮਿਲਣ ਵਾਲੀ ਤਨਖਾਹ ਨਾਲ ਢਿੱਡ ਨਹੀਂ ਭਰਦਾ ਇਹਨਾਂ ਦਾ। ਇਹ ਸ਼ਾਮ ਨੂੰ ਹਿਸਾਬ ਕਰਦੇ ਨੇ ਦਿਹਾੜੀ ਕਿੰਨੀ ਪਈ। ਇਹੋ ਤਾਂ ਇਹਨਾਂ ਦੀ ਧਰਮ ਕਰਮ ਦੀ ਕਮਾਈ ਹੁੰਦੀ ਏ! ਕਿਉਂ ਬਾਊ ਜੀ ਠੀਕ ਏ ਨਾ?

**ਬਾਊ** : ਸੁਆਹ ਠੀਕ ਏ, ਮੈਂ ਕੋਦ ਗਲਤ ਕੰਮ ਨਹੀਂ ਕੀਤਾ। ਤੁਸੀਂ ਇਹ ਦੱਸੋ ਕਿਸ ਬੰਦੇ ਤੋਂ ਮੈਂ ਰਿਸ਼ਵਤ ਲਈ?

**ਖੋਜੀ** : ਛੱਡਿਆ ਕਿਹਨੂੰ ਵੇ? ਜਿਹਦੀ ਜੇਬ ਨੂੰ ਹੱਥ ਪੈ ਜਾਏ ਸਹੀ ਤੁਹਾਡਾ, ਅਗਲੇ ਨੂੰ ਧਰਨ ਪੈਣੀ ਹੀ ਪੈਣੀ ਏ। ਕਲ੍ਹ ਦਾ ਘਾਟਾ ਅਜੇ ਤੱਕ ਰੜਕਦਾ ਪਿਆ ਏ ਨਾ?

**ਬਾਊ** : ਕਿਹੜਾ ਘਾਟਾ?

(ਚਲਦਾ)

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਪ੍ਰਮਾਣੂ
   (ੳ) ਇਕ ਤੱਤ ਦਾ ਸਭ ਤੋਂ ਛੋਟਾ ਅਣੂ ਹੈ (ਅ) ਮੁਕਤ ਅਵਸਥਾ ਵਿਚ ਰਹਿ ਸਕਦਾ ਹੈ
   (ੲ) ਤੱਤ ਦੇ ਰਸਾਇਣਕ ਗੁਣ ਸਮਾਈ ਰੱਖਦਾ ਹੈ (ਸ) ਉਪਰੋਕਤ ਸਾਰੇ ਹੀ (ਸ)
2. ਥਲੀ ਪਵਨ ਅਤੇ ਸਾਗਰੀ ਪਵਨ, ਧਰਤੀ ਅਤੇ ਪਾਣੀ ਦੇ ਠੰਢਾ ਹੋਣ ਦੇ ਅੰਤਰ ਕਾਰਨ ਪੈਦਾ ਹੁੰਦੀਆਂ ਹਨ ਠੀਕ ਉੱਤਰ ਨੂੰ ਚੁਣੋ।
   (ੳ) ਸਾਗਰੀ ਪਵਨਾਂ ਸਾਗਰ ਤੋਂ ਥਲ ਵੱਲ ਰਾਤ ਨੂੰ ਚਲਦੀਆਂ ਹਨ।
   (ਅ) ਸਾਗਰੀ ਪਵਨਾਂ ਸਾਗਰ ਤੋਂ ਥੱਲ ਵੱਲ ਦਿਨ ਸਮੇਂ ਚਲਦੀਆਂ ਹਨ।
   (ੲ) ਥਲੀ ਪਵਨ ਸਾਗਰ ਤੋਂ ਥੱਲ ਵੱਲ ਰਾਤ ਸਮੇਂ ਚਲਦੀ ਹੈ।
   (ਸ) ਇਨ੍ਹਾਂ ਵਿਚੋਂ ਕੋਈ ਨਹੀਂ। (ਅ)
3. ਗਰਮ ਊਨੀ ਕੱਪੜੇ ਸਾਨੂੰ ਸਰਦੀਆਂ ਵਿਚ ਗਰਮ ਰੱਖਦੇ ਹਨ। ਹੇਠ ਲਿਖਿਆਂ ਵਿਚੋਂ ਕਿਹੜਾ ਕਾਰਨ ਗਲਤ ਹੈ।
   (ੳ) ਊਨੀ ਕੱਪੜਾ ਤਾਪ ਦਾ ਕੁਚਾਲਕ ਹੈ। (ਅ)
   (ਅ) ਰੇਸ਼ਿਆਂ ਦਾ ਬਿਜਲਈ ਚਾਰਜ ਤਾਪ ਬਣਾਈ ਰੱਖਦਾ ਹੈ।
   (ੲ) ਉਨ ਹਵਾ ਨੂੰ ਆਪਣਿਆਂ ਰੇਸ਼ਿਆਂ ਵਿਚ ਜਕੜੀ ਰੱਖਦੀ ਹੈ।
   (ਸ) ਉਨ ਸਰੀਰਕ ਤਾਪ ਨੂੰ ਵਾਤਾਵਰਨ ਵਿਚ ਖਿੰਡਰਣ ਤੋਂ ਬਚਾਉਂਦੀ ਹੈ।
4. ਪ੍ਰੈਸ਼ਰ ਕੁਕਰ ਸਾਨੂੰ ਤੇਜ਼ੀ ਨਾਲ ਭੋਜਨ ਬਨਾਉਣ ਵਿਚ ਸਹਾਈ ਕਿਉਂ ਹੁੰਦਾ ਹੈ।
   (ੳ) ਇਹ ਤਰਲ ਪਦਾਰਥ ਦੇ ਵਾਯੂ ਦਬਾਅ ਕਾਰਨ ਉਬਾਲ ਕਰਜ਼ਾ ਵਧਾ ਦਿੰਦਾ ਹੈ। (ੳ)
   (ਅ) ਇਹ ਵਿਸ਼ੇਸ਼ ਧਾਂਤ ਦਾ ਬਣਿਆ ਹੋਣ ਕਾਰਨ ਤਾਪ ਨੂੰ ਸੁਰੱਖਿਅਤ ਰੱਖਦਾ ਹੈ।
   (ੲ) ਇਹ ਵਾਯੂ ਮੰਡਲ ਨੂੰ ਭੋਜਨ ਠੰਡਾ ਹੋਣ ਦੀ ਗੁੰਜਾਇਸ਼ ਨਹੀਂ ਦਿੰਦਾ।
   (ਸ) ਇਹ ਭੋਜਨ ਨੂੰ ਗਰਮ ਰੱਖਣ ਲਈ ਸੰਚਾਰਨ ਦਾ ਚੰਗਾ ਸਾਧਨ ਪ੍ਰਦਾਨ ਕਰਦਾ ਹੈ।
5. ਇਕ ਹਵਾਈ ਜਹਾਜ਼ ਜੋ ਕਿ ਹਵਾ ਨਾਲੋਂ ਭਾਰਾ ਹੁੰਦਾ ਹੈ। ਹਵਾ ਵਿਚ ਇਨ੍ਹਾਂ ਵਿਚੋਂ ਕਿਸ ਕਾਰਨ ਕਰਕੇ ਉੱਡ ਸਕਦਾ ਹੈ।
   (ੳ) ਤਰਕਸ਼ੀਲਤਾ (ਅ) ਹਵਾਈ ਜਹਾਜ਼ ਦੀ ਅਗਾਂਹ ਵੱਲ ਨੂੰ ਗਤੀ
   (ੲ) ਉਪਰਲੇ ਅਤੇ ਥੱਲੇ ਪਾਸੇ ਦੇ ਪਰਾਂ ਦੇ ਦਬਾਅ ਦੇ ਅੰਤਰ ਕਾਰਨ (ੲ)
   ਉਪਰੋਕਤ ਕੋਈ ਵੀ ਨਹੀਂ (ੲ)
6. ਪਾਣੀ ਅਤੇ ਬਰਫ਼ ਦੀਆਂ ਘਣਤਾਵਾਂ
   (ੳ) ਬਰਾਬਰ ਹੁੰਦੀਆਂ ਹਨ (ਅ) ਵੱਖਰੀਆਂ-ਵੱਖਰੀਆਂ ਹੁੰਦੀਆਂ ਹਨ
   (ੲ) ਬਰਾਬਰ ਜਾਂ ਵੱਖ-ਵੱਖ ਹੋ ਸਕਦੀਆਂ ਹਨ (ਸ) ਉਪਰੋਕਤ ਕੋਈ ਵੀ ਨਹੀਂ (ਅ)
7. ਇਕ ਮੋਟਰ ਵਾਹਨ ਦੇ ਪਿਛਲੇ ਪਾਸੇ ਦਾ ਦ੍ਰਿਸ਼ ਦੇਖਣ ਲਈ ਆਮ ਤੌਰ ਤੇ ਕਿਸ ਤਰ੍ਹਾਂ ਦੇ ਦਰਪਣਾਂ ਦੀ ਵਰਤੋਂ ਕੀਤੀ ਜਾਂਦੀ ਹੈ।
   (ੳ) ਅਵਤਲ ਦਰਪਣ (ਅ) ਉਤਲ ਦਰਪਣ
   (ੲ) ਸਮਤਲ ਦਰਪਣ (ਸ) ਅਵਤਲ-ਉਤਲ ਦਰਪਣ (ਅ)
8. ਚਾਲਕ ਵਿਚ ਬਿਜਲਈ ਧਾਰਾ ਦੇ ਪ੍ਰਵਾਹ ਦਾ ਕਾਰਣ ਹੁੰਦਾ ਹੈ।
   (ੳ) ਐਮਪੀਅਰ ਦੀ ਮਾਤਰਾ (ਅ) ਵਾਟ ਦੀ ਮਾਤਰਾ
   (ੲ) ਪੁਟੈਂਸ਼ਲ ਅੰਤਰ (ਸ) ਇਨ੍ਹਾਂ ਵਿਚੋਂ ਕੋਈ ਨਹੀਂ (ੲ)
9. ਚਾਲ ਅਤੇ ਵੇਗ ਸਬੰਧੀ ਕਿਹੜਾ ਕਾਰਨ ਗਲਤ ਹੈ।
   (ੳ) ਚਾਲ ਉਹ ਫਾਸਲਾ ਹੈ ਜਿਹੜਾ ਕਿਸੇ ਵਿਸ਼ੇਸ਼ ਸਮੇਂ ਕਿਸੇ ਪਿੰਡ ਵਲੋਂ ਤਹਿ ਕੀਤਾ ਜਾਂਦਾ ਹੈ।
   (ਅ) ਚਾਲ ਇਕ ਵਿਸ਼ੇਸ਼ ਦਿਸ਼ਾ ਵੱਲ ਹੋਣੀ ਚਾਹੀਦੀ ਹੈ। (ਅ)
   (ੲ) ਵੇਗ ਇਕ ਵਿਸ਼ੇਸ਼ ਦਿਸ਼ਾ ਵੱਲ ਚਾਲ ਹੈ।
   (ਸ) ਚਾਲ ਅਤੇ ਵੇਗ ਦੋਵੇਂ ਹੀ ਫਾਸਲੇ ਅਤੇ ਸਮੇਂ ਤੇ ਨਿਰਭਰ ਕਰਦੇ ਹਨ।
10. ਸ਼ਾਰਟ ਸਰਕਟ ਸਮੇਂ, ਸਰਕਟ ਵਿਚ ਚਲਦੀ ਧਾਰਾ
   (ੳ) ਕਾਫੀ ਮਾਤਰਾ ਵਿਚ ਘੱਟ ਜਾਂਦੀ ਹੈ (ਅ) ਬਦਲਦੀ ਨਹੀਂ (ੲ)
   (ੲ) ਬਹੁਤ ਜ਼ਿਆਦਾ ਵੱਧ ਜਾਂਦੀ ਹੈ (ਸ) ਲਗਾਤਾਰ ਵਧਦੀ ਘੱਟਦੀ ਰਹਿੰਦੀ ਹੈ।

**ਇਹ ਪ੍ਰਸ਼ਨ ਪੀ.ਸੀ.ਐਸ. ਜਨਰਲ ਸਟੱਡੀ ਪੇਪਰ-1 ਕੰਬਾਈਨਡ ਸਟੇਟ ਸਿਵਲ ਸਰਵਿਸਿਸ ਪਰੀਲੀਮੀਨਰੀ ਇਗਜ਼ਾਮ ਵਿਚ ਆਏ ਹੋਏ ਹਨ।**

# ਹੱਡੀਆਂ ਦੀ ਮਜ਼ਬੂਤੀ . . .

ਆਧੁਨਿਕ ਜੀਵਨ ਸ਼ੈਲੀ ਦੀ ਇਕ ਬਿਮਾਰੀ ਆਸਟਿਓਪੋਰੋਸਿਸ ਹੈ, ਜੋ ਚੋਰੀ-ਛੁਪੇ ਤੁਹਾਡੀਆਂ ਹੱਡੀਆਂ ਵਿਚ ਆਪਣਾ ਨਿਵਾਸ ਬਣਾ ਲੈਂਦੀ ਹੈ, ਜਿਸ ਦਾ ਤੁਹਾਨੂੰ ਪਤਾ ਵੀ ਨਹੀਂ ਲੱਗਦਾ। ਪਤਾ ਉਦੋਂ ਲੱਗਦਾ ਹੈ ਜਦੋਂ ਉਹ ਤੁਹਾਡੀ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦੀ ਹੈ। ਆਸਿਟਿਓਪੋਰੋਸਿਸ ਲਗਪਗ 35 ਸਾਲ ਤੋਂ ਉੱਪਰ ਦੀਆਂ ਔਰਤਾਂ ਵਿਚ ਹੋਣ ਵਾਲਾ ਆਮ ਰੋਗ ਹੈ, ਜਿਸ ਵਿਚ ਹੱਡੀਆਂ ਕਾਫੀ ਕਮਜ਼ੋਰ ਹੋ ਜਾਂਦੀਆਂ ਹਨ। ਹਲਕੀ ਜਿਹੀ ਸੱਟ ਲੱਗਣ 'ਤੇ, ਝਟਕਾ ਲੱਗਣ 'ਤੇ ਉਹ ਟੁੱਟ ਜਾਂਦੀਆਂ ਹਨ। ਟੁੱਟਣ ਨਾਲ ਉਨ੍ਹਾਂ ਦੀ ਬਨਾਵਟ 'ਤੇ ਵੀ ਪ੍ਰਭਾਵ ਪੈਂਦਾ ਹੈ। ਜਦੋਂ ਸੱਟ ਲੱਗਣ 'ਤੇ ਹੱਡੀ ਟੁੱਟਦੀ ਹੈ ਤਾਂ ਡਾਕਟਰੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਰੋਗੀ ਨੂੰ ਆਸਟਿਓਪੋਰੋਸਿਸ ਦੀ ਸ਼ੁਰੂਆਤ ਹੋ ਚੁੱਕੀ ਹੈ।

ਕੁਦਰਤੀ ਰੂਪ ਵਿਚ ਹੱਡੀਆਂ ਦਾ ਬਣਨਾ ਅਤੇ ਵਿਗੜਨਾ ਸਾਡੇ ਸਰੀਰ ਵਿਚ ਚਲਦਾ ਰਹਿੰਦਾ ਹੈ। ਇਸੇ ਨਾਲ ਹੱਡੀਆਂ ਦੀ ਘਣਤਾ ਅਤੇ ਹੱਡੀਆਂ ਦੀ ਮਜ਼ਬੂਤੀ ਨਿਰਧਾਰਤ ਹੁੰਦੀ ਹੈ। ਆਮ ਤੌਰ 'ਤੇ ਸਰੀਰ ਵਿਚ ਦੋ ਤਰ੍ਹਾਂ ਦੀਆਂ ਗ੍ਰੰਥੀਆਂ ਕੰਮ ਕਰਦੀਆਂ ਹਨ ਪਰ 30 ਸਾਲ ਤੋਂ ਬਾਅਦ ਹੱਡੀਆਂ ਵਿਚ ਬਣਨ ਦੀ ਪ੍ਰਕਿਰਿਆ ਘੱਟ ਅਤੇ ਗਲਣ ਦੀ ਪ੍ਰਕਿਰਿਆ ਬਹੁਤ ਤੇਜ਼ੀ ਨਾਲ ਹੁੰਦੀ ਹੈ, ਜਿਸ ਦੇ ਨਤੀਜੇ ਵਜੋਂ ਹੱਡੀਆਂ ਕਮਜ਼ੋਰ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਔਰਤਾਂ ਵਿਚ ਇਹ ਰੋਗ ਮਰਦਾਂ ਦੇ ਮੁਕਾਬਲੇ ਜ਼ਿਆਦਾ ਹੁੰਦਾ ਹੈ। ਇਸ ਦੇ ਪਿੱਛੇ ਕਾਰਨ ਹੈ ਗਰਭ ਧਾਰਨ, ਜਣੇਪੇ ਉਪਰੰਤ ਬੱਚੇ ਨੂੰ ਦੁੱਧ ਚੁੰਘਾਉਣਾ, ਮੀਨੋਪਾਜ ਆਦਿ।

**ਆਸਟਿਓਪੋਰੋਸਿਸ ਦੇ ਹੋਰ ਕਾਰਨ -**

* ਜਿਨ੍ਹਾਂ ਔਰਤਾਂ ਵਿਚ ਸੰਤਾਨ ਨਹੀਂ ਹੁੰਦੀ, ਉਨ੍ਹਾਂ ਵਿਚ ਆਸਟਿਓਪੋਰੋਸਿਸ ਦੀ ਸੰਭਾਵਨਾ ਵੱਧ ਜਾਂਦੀ ਹੈ।

* ਅਨੁਵੰਸ਼ਿਕ ਰੋਗ ਵੀ ਹੈ ਆਸਟਿਓਪੋਰੋਸਿਸ। ਪਰਿਵਾਰ ਵਿਚ ਪਹਿਲਾਂ ਕਿਸੇ ਨੂੰ ਜੇ ਇਹ ਰੋਗ ਹੋਇਆ ਹੋਵੇ ਤਾਂ ਅਗਲੀ ਪੀੜ੍ਹੀ ਨੂੰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

* ਕਿਸੇ ਕਾਰਨ ਕਰਕੇ ਔਰਤ ਦੀ ਬੱਚੇਦਾਨੀ ਨੂੰ ਆਪ੍ਰੇਸ਼ਨ ਦੁਆਰਾ ਕੱਢਣਾ ਪਵੇ ਤਾਂ ਉਸ ਔਰਤ ਨੂੰ ਛੇਤੀ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

* ਜੋ ਲੋਕ ਇਕ ਜਗ੍ਹਾ ਬੈਠ ਕੇ ਜ਼ਿਆਦਾ ਕੰਮ ਕਰਦੇ ਹਨ ਅਤੇ ਸਰੀਰਕ ਮਿਹਨਤ ਘੱਟ ਕਰਦੇ ਹਨ, ਅਜਿਹੇ ਲੋਕ ਵੀ ਇਸ ਦੀ ਲਪੇਟ ਵਿਚ ਆ ਜਾਂਦੇ ਹਨ।

* ਨਿਯਮਤ ਕਸਰਤ ਦੀ ਕਮੀ ਦੇ ਕਾਰਨ ਵੀ ਆਸਟਿਓਪੋਰੋਸਿਸ ਹੋ ਜਾਂਦਾ ਹੈ।

* ਖਾਣੇ ਵਿਚ ਕੈਲਸ਼ੀਅਮ, ਵਿਟਾਮਿਨ ਡੀ ਅਤੇ ਪ੍ਰੋਟੀਨ ਦੀ ਕਮੀ ਨਾਲ ਵੀ ਹੱਡੀਆਂ ਛੇਤੀ ਕਮਜ਼ੋਰ ਪੈਂਦੀਆਂ ਹਨ।

ਜੇਕਰ ਆਸਟਿਓਪੋਰੋਸਿਸ ਬਾਰੇ ਸਹੀ ਸਮੇਂ 'ਤੇ ਪਤਾ ਲੱਗ ਜਾਵੇ ਤਾਂ ਇਸ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ ਅਤੇ ਹੱਡੀਆਂ ਨੂੰ ਹੋਏ ਨੁਕਸਾਨ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ, ਜੋ ਅਸੀਂ ਆਪਣੀ ਜੀਵਨੀ ਸ਼ੈਲੀ ਵਿਚ ਸੁਧਾਰ ਲੈ ਆਈਏ ਤਾਂ।

**ਕਿਵੇਂ ਕਰੀਏ ਬਚਾਅ :**

* ਆਸਟਿਓਪੋਰੋਸਿਸ ਦੇ ਪ੍ਰਤੀ ਜਾਗਰੂਕਤਾ ਇਸ ਦਾ ਪਹਿਲਾ ਇਲਾਜ ਹੈ। ਜੇ ਇਸ ਦੇ ਕਾਰਨਾਂ ਬਾਰੇ ਪਤਾ ਹੋਵੇ ਤਾਂ ਇਸ ਦੇ ਹੋਣ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ।

* ਖਾਣੇ ਵਿਚ ਕੈਲਸ਼ੀਅਮ ਦੀ ਸਹੀ ਮਾਤਰਾ ਦਾ ਸੇਵਨ ਕਰੋ।

* ਨਿਯਮਤ ਰੂਪ ਨਾਲ ਕਸਰਤ ਕਰੋ, ਜਿਵੇਂ ਤੇਜ਼ ਤੁਰਨਾ, ਤੈਰਨਾ, ਸਾਈਕਲ ਚਲਾਉਣਾ ਆਦਿ। ਇਨ੍ਹਾਂ ਵਿਚੋਂ ਤੈਰਨਾ ਆਸਟਿਓਪੋਰੋਸਿਸ ਤੋਂ ਬਚਾਅ ਲਈ ਸਭ ਤੋਂ ਵਧੀਆ ਕਸਰਤ ਹੈ।

* ਨਿਯਮਤ ਰੂਪ ਨਾਲ ਸਲਾਦ ਅਤੇ ਸਪ੍ਰਾਊਟਸ ਦਾ ਸੇਵਨ ਕਰੋ।

* ਮੀਨੋਪਾਜ ਤੋਂ ਬਾਅਦ ਹੱਡੀਆਂ ਦਾ ਘਣਤਾ ਟੈਸਟ ਕਰਵਾਓ।

* ਜ਼ਿਆਦਾ ਤੇਲੀ ਭੋਜਨ ਦੀ ਵਰਤੋਂ ਨਾ ਕਰੋ।

* ਡਾਇਟਿੰਗ ਨਾ ਕਰੋ।

* ਸਿਗਰਟਨੋਸ਼ੀ ਅਤੇ ਸ਼ਰਾਬ ਦਾ ਸੇਵਾ ਨਾ ਕਰੋ।

* ਚਾਹ-ਕੌਫੀ ਦਾ ਸੇਵਨ ਨਾ ਕਰੋ।

* ਸਾਫਟ ਡ੍ਰਿੰਕਸ ਵੀ ਨਾ ਪੀਓ, ਕਿਉਂਕਿ ਇਨ੍ਹਾਂ ਵਿਚ ਸਲਫਰ ਅਤੇ ਫਾਸਫੋਰਸ ਜ਼ਿਆਦਾ ਹੁੰਦਾ ਹੈ, ਜੋ ਕੈਲਸ਼ੀਅਮ ਨੂੰ ਨਸ਼ਟ ਕਰਦਾ ਹੈ।

* ਕੱਦ ਦੇ ਮੁਤਾਬਿਕ ਭਾਰ ਜ਼ਿਆਦਾ ਨਾ ਵਧਣ ਦਿਓ।

* * * * *

# ਸ਼ੋਕ ਸਮਾਚਾਰ



ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:), ਸੈਕਟਰ 30-ਏ, ਚੰਡੀਗੜ੍ਹ ਵਲੋਂ ਬਹੁਤ ਹੀ ਦੁੱਖ ਨਾਲ ਪ੍ਰਗਟਾਵਾ ਕੀਤਾ ਜਾਂਦਾ ਹੈ ਕਿ ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਸਪੁੱਤਰ ਸਵਰਗਵਾਸੀ ਮਾਸਟਰ ਸੁੱਖਰਾਮ ਸਿੰਘ ਜੀ ਅਤੇ ਮਾਤਾ ਹਰਿ ਕੌਰ ਜੀ, ਵਾਸੀ ਮਕਾਨ ਨੰ: 42, ਸੈਕਟਰ-16, ਚੰਡੀਗੜ੍ਹ, ਮਿਤੀ 20.12.2023 ਨੂੰ ਪ੍ਰਮਾਤਮਾ ਵਲੋਂ ਬਖ਼ਸ਼ੀ ਉਮਰ ਭੋਗ ਕੇ ਆਪਣੀ ਸੰਸਾਰਿਕ ਯਾਤਰਾ ਮਿਤੀ 26.04.1933 ਤੋਂ 20.12.2023 ਤੱਕ (ਤਕਰੀਬਨ 90 ਸਾਲ 8 ਮਹੀਨੇ ਦੇ) ਸੰਪੂਰਨ ਕਰਦੇ ਹੋਏ ਗੁਰੂ ਚਰਨ੍ਹਾਂ ਵਿੱਚ ਜਾ ਬਿਰਾਜੇ ਹਨ।

**।।"ਸੱਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਂਣਿ।।**

**ਹੰਭੀ ਵੰਞਾ ਡੁਮਣੀ, ਰੋਵਾਂ ਝੀਣੀ ਬਾਣਿ"।।**

**।।"ਜੋ ਆਇਆ ਸੋ ਚਲਸੀ ਸਭੁ ਕੋ ਆਈ ਵਾਰੀਐ"।।**

**।।"ਆਪੇ ਹੀ ਕਰਣਾ ਕੀਓ ਕਲ ਆਪੇ ਹੀ ਹੈ ਤੈ ਧਾਰੀਐ।।**

**ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ।।**

**।।ਜਿਸ ਕੇ ਜੀਅ ਪਰਾਣ।।ਹਹਿ, ਕਿਓ ਸਾਹਿਬ ਮਨਹੁ ਵਿਸਾਰੀਐ।।**

**ਆਪਣ ਹਥੀਂ ਆਪਣਾ ਹੀ ਕਾਜੁ ਸਵਾਰੀਐ"।।**

**।।"ਜੋ ਉਪਜਿਓ ਸੋ ਬਿਨਸਿ ਹੈ, ਪਰੋ ਆਜ ਕੋ ਕਾਲ, ਨਾਨਕ ਹਰਿ ਗੁਨ ਗਾਇ ਲੈ, ਛਾਭ ਸਗਲ ਜੰਜਾਲਿ"।।**

ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਬਤੌਰ ਜੁਆਂਇਟ ਇਕਨੋਮਿਕ ਸਟੇਟਿਸਟੀਕਲ ਐਡਵਾਇਜ਼ਰ ਵਜੋਂ ਹਰਿਆਨਾ ਗੋਰਮਿੰਟ ਵਿੱਚ ਬਹੁਤ ਇਮਾਨਦਾਰੀ ਅਤੇ ਉੱਚੇ ਮਿਆਰ ਦੀਆਂ ਪੂਰਨ ਸੇਵਾਵਾਂ ਦੇ ਕੇ ਸਾਲ 1991 ਨੂੰ ਰਿਟਾਇਰ ਹੋਏ ਸਨ।ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਨੂੰ ਉਹਨਾਂ ਦੀਆਂ ਵਿਸ਼ੇਸ਼ ਉੱਚ ਪੱਧਰੀ ਸੇਵਾਵਾਂ ਕਰਕੇ 1971 ਵਿੱਚ ਮਰਦਮਸ਼ੁਮਾਰੀ ਦੀਆਂ ਸੇਵਾਵਾਂ ਕਰਕੇ ਪ੍ਰੈਜ਼ੀਡੈਂਟ ਆਫ਼ ਭਾਰਤ ਵਲੋਂ ਸਨਮਾਨਿਤ ਕੀਤਾ ਗਿਆ ਸੀ।ਆਪ ਜੀ ਦਾ ਪਿੰਡ ਪਿੱਪਲ ਮੰਗੋਲੀ, ਨੇੜੇ ਸ਼ੰਭੂ, ਰਾਜਪੁਰਾ ਜਿਲਾ ਪਟਿਆਲਾ ਹੈ। ਪਿਛੋਕੜ ਪਿੰਡ ਅਯਆ ਨਗਰ ਕਲ੍ਹਾਂ (ਵੱਡਾ) ਜ਼ਿਲ੍ਹਾ ਸ਼ੇਖੁਪੁਰਾ (ਪੱਛਮੀ ਪੰਜਾਬ-ਪਾਕਿਸਤਾਨ ) ਵਿਚ ਹੈ ਤੇ1947 ਦੌਰਾਨ ਪਿੰਡ ਪਿੱਪਲ ਮੰਗੋਲੀ ਆ ਕੇ ਵਸੇ ਸਨ।ਆਪ ਜੀ ਦੇ ਪਿਤਾ ਜੀ ਵਿਦਿਅਕ ਮਹਿਕਮੇ ਵਿੱਚ ਹੋਣ ਕਰਕੇ ਆਪ ਵੀ ਚੰਗੇ ਪੜ੍ਹੇ-ਲਿਖੇ ਅਤੇ ਹੋਣਹਾਰ ਸਨ ਅਤੇ ਮਾਸਟਰ ਆਫ਼ ਇਕਨੋਮਿਕਸ ਦੀ ਉਸ ਸਮੇਂ ਵਿੱਚ ਉੱਚ ਵਿਦਿਆ ਪ੍ਰਾਪਤ ਕੀਤੀ। ਆਪ ਜੀ ਸੇਵਾ ਮੁਕਤ ਹੋਣ ਉਪਰੰਤ ਅਤੇ ਚੰਡੀਗੜ੍ਹ ਵਾਸੀ ਹੋਣ ਕਰਕੇ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ ਨਾਲ ਤਨ, ਮਨ ਅਤੇ ਧਨ ਨਾਲ ਮੁੱਢ ਤੋਂ ਹੀ ਜੁੜੇ ਰਹੇ ਸਨ ਅਤੇ ਦਿਲ ਜਾਨ ਨਾਲ ਸੇਵਾ ਨਿਭਾਉਂਦੇ ਹੋਏ ਆਪ ਜੀ ਦੇ ਹਿੱਸੇ ਬਤੌਰ ਜਨਰਲ ਸੱਕਤਰ, ਵਿੱਤ ਸਕੱਤਰ, ਸੀਨੀਅਰ ਵਾਇਸ ਪ੍ਰਧਾਨ (ਹੈ.ਕੁ.) ਅਤੇ ਅਖੀਰ ਤੱਕ ਕਾਰਜਕਾਰੀ ਕਮੇਟੀ ਦੇ ਮੈਂਬਰ ਰਹਿਣ ਤੋਂ ਇਲਾਵਾ ਹਰ ਸਮੇਂ ਕਿਸੇ ਨਾ ਕਿਸੇ ਰੂਪ ਵਿੱਚ ਜਾਂ ਕਮੇਟੀ ਦੇ ਵਿੱਚ ਫ਼ਾਊਂਡੇਸ਼ਨ ਦੇ ਨਾਲ ਆਪਣਾ ਭਰਪੂਰ ਯੋਗਦਾਨ ਪਾਉਂਦੇ ਰਹੇ ਹਨ। ਸੰਸਾਰਿਕ ਤੌਰ ਤੇ ਸਿੱਖਰੀ ਜੀਵਨ ਜੀਉਣ ਦੀ ਜਾਂਚ ਸਹਿਜੇ ਰੱਖਦੇ ਹੋਏ ਤੇ ਅਣਗਿਣਤ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਇੱਕ ਸੱਚੇ-ਸੁੱਚੇ ਕਿਰਦਾਰ ਦੇ ਮਾਲਕ ਹੋ ਨਿੱਬੜੇ ਹਨ।ਆਪ ਜੀ ਬਹੁਤ ਮਿੱਠ-ਬੋਲੜੇ, ਸਾਦਾ ਜੀਵਨ ਵਾਲੇ, ਗੁਰੂ ਘਰ ਨਾਲ ਅਥਾਹ ਦਿਲੀ ਪਿਆਰ ਕਰਨ ਵਾਲੇ ਅਤੇ ਹਰ ਲਿਖਾ-ਪੜ੍ਹੀ ਅਤੇ ਖ਼ਾਸ ਕਰ ਲੇਖਾ ਪ੍ਰਣਾਲੀ ਦੇ ਸਿਸਟਮ ਨੂੰ ਪੱਕਾ ਕਰਕੇ ਵਿੱਚ ਫ਼ਾਊਂਡੇਸ਼ਨ ਦੇ ਕੰਮਕਾਰ ਨੂੰ ਸੁਚਾਰੂ ਕਰਨ ਵਿੱਚ ਬਹੁਤ ਵੱਡਮੁੱਲਾ ਯੋਗਦਾਨ ਪਾ ਕੇ ਗਏ ਹਨ।ਆਪ ਜੀ ਸਮੇਂ-ਸਮੇਂ ਫ਼ਾਊਂਡੇਸ਼ਨ ਦੀ ਗਤੀਵਿਧੀਆਂ ਨਾਲ ਬਾਵਸਥਾ ਰਹਿੰਦੇ ਸਨ ਅਤੇ ਸਮੇਂ-ਸਮੇਂ ਜ਼ਰੂਰੀ ਟੈਕਸਾਂ ਅਤੇ ਹੋਰ ਜ਼ਿੰਮੇਵਾਰਿਆਂ ਸੰਬੰਧੀ ਭਾਵੇਂ ਕੋਈ ਵੀ ਕਮੇਟੀ ਹੋਵੇ ਯਾਦ ਕਰਵਾਉਂਦੇ ਰਹਿੰਦੇ ਸਨ। ਆਪ ਦੀਆਂ ਯੋਗ ਸਲਾਹਾਂ ਅਤੇ ਸੇਵਾਵਾਂ ਫ਼ਾਊਂਡੇਸ਼ਨ ਕਦੀ ਨਹੀਂ ਭੁੱਲ ਸਕਦੀ ਅਤੇ ਹਮੇਸ਼ਾ ਰਿਣੀ ਰਹੇਗੀ। ਇਸ ਸੰਸਾਰ ਵਿੱਚ ਮਨੁੱਖ ਦਾ ਜੀਵਨ ਪ੍ਰਮਾਤਮਾ ਦੀ ਬਖ਼ਸ਼ਿਸ ਨਾਲ ਚਲਦਾ ਹੈ ਅਤੇ ਉਹਦੇ ਹੁਕਮ ਅਨੁਸਾਰ ਆਉਣਾ ਜਾਣਾ ਪੈਂਦਾ ਹੈ।ਆਪ ਜੀ ਦਾ ਸਹਿਜ ਸੁਭਾ ਹਰ ਕੰਮ ਕਰਨ ਦੀ ਭਾਵੇਂ ਸਰਕਾਰੀ ਜਾਂ ਫ਼ਾਊਡੇਸ਼ਨ ਦੀਆਂ ਸੇਵਾ ਭਾਵਨਾ

ਸਮਝ ਕੇ ਕਰਦੇ ਰਹੇ ਹਨ। ਆਪ ਜੀ ਹਰ ਕੰਮ ਨੂੰ, ਕਦਮ ਨੂੰ ਸਹਿਜ ਨਾਲ ਸੋਚ ਕੇ ਕਰਦੇ ਅਤੇ ਤੁਰਦੇ ਸਨ। ਸਾਦਾ ਸਾਫ਼ ਸੁੱਥਰਾ ਜੀਵਨ ਲਿਬਾਸ ਇਕ ਜਿਹਾ ਅਖੀਰ ਤੱਕ ਰੱਖਿਆ :–

**।।"ਮਨੁ ਹਾਲੀ ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤੁ।।**

**।।ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ"।।**

ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਨੇ ਆਪਣਾ ਜੀਵਨ ਨੂੰ ਆਦਰਸ਼ ਬਣਾਉਂਦੇ ਹੋਏ ਆਪਣੇ ਪਰਿਵਾਰ ਨੂੰ ਵੀ ਸਹੀ ਸੇਧ ਦੇ ਕੇ ਉੱਚ ਸਿਖਿਅਤ ਬਣਾਇਆ ਹੈ। ਆਪ ਜੀ ਦਾ ਸਪੁੱਤਰ ਇੰਜ: ਅਮਰਜੀਤ ਸਿੰਘ ਬਤੌਰ ਇੰਚਾਰਜ ਡਾਇਰੈਕਟਰ ਦੇ ਤੌਰ ਅਤੇ ਵੱਡੀਆਂ ਮਲਟੀਨੈਸ਼ਨਲ ਕੰਪਨਿਆਂ ਦੇ ਮੁੱਖੀ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ ਅਤੇ ਬੇਟੀ ਡਾਕਟਰ ਬਲਬੀਰ ਕੌਰ ਡਾਕਟਰੀ ਸੇਵਾਵਾਂ ਤੋਂ ਰਿਟਾਇਰ ਹੋਏ ਹਨ। ਡਾਕਟਰ ਕਮਲਜੀਤ ਸਿੰਘ ਗਿਆਨ ਸਾਗਰ ਸੰਸਥਾ ਵਿੱਚ ਬਤੌਰ ਪ੍ਰਿੰਸੀਪਲ ਤੈਨਾਤ ਹਨ। ਆਪ ਜੀ ਦਾ ਪੋਤਰਾ ਗੁਰਜੋਤ ਸਿੰਘ ਇੰਜੀਨੀਅਰ ਅਤੇ ਪੋਤਰੀ ਗੁਰਲੀਨ ਕੌਰ ਅਤੇ ਉਹਨਾਂ ਦੇ ਪਤੀ ਆਰਕੀਟੈਕਟ ਹਨ। ਸਾਰਾ ਪਰਿਵਾਰ ਫ਼ਾਊਂਡੇਸ਼ਨ ਦੇ ਨਾਲ ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਦੇ ਕਦਮ ਚਿਨ੍ਹਾਂ ਤੇ ਚਲਦੇ ਹੋਏ ਫ਼ਾਊਂਡੇਸ਼ਨ ਦੇ ਨਾਲ ਚੰਗੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਤਨ, ਮਨ, ਧਨ ਨਾਲ ਸੇਵਾਵਾਂ ਨਿਭਾਉਂਦੇ ਰਹਿੰਦੇ ਹਨ।

**ਗੁਰਮੁਖਿ ਜਨਮ ਸਵਾਰਿ ਦਰਗਹਿ ਚਲਿਆ।। ਸਚੀ ਦਰਗਹਿ ਜਾਇ, ਸਚਾ ਪਿੜ ਮਲਿਆ।।**

ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਦੀ ਆਤਮਿਕ ਸ਼ਾਂਤੀ ਲਈ ਆਪਣੇ ਗ੍ਰਹਿ ਵਿਖੇ ਸ੍ਰੀ ਅਖੰਡ ਸਾਹਿਬ ਦੇ ਪਾਠ ਮਿਤੀ 29.12.2023 ਨੂੰ ਗ੍ਰਹਿ ਵਿਖੇ ਰਖਵਾਏ ਗਏ ਸਨ ਅਤੇ ਨਿਰਵਿਘਨ ਅਖੰਡ ਸਾਹਿਬ ਦੇ ਪਾਠ ਦੇ ਭੋਗ ਮਿਤੀ 31.12.2023 ਨੂੰ ਗ੍ਰਹਿ ਵਿਖੇ ਪੁਆਏ ਗਏ ਹਨ। ਉਪਰੰਤ, ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਮੇਨ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਕੀਰਤਨ ਦਰਬਾਰ ਅਤੇ ਅੰਤਮ ਅਰਦਾਸ ਕੀਤੀ ਗਈ ਜਿਸ ਵਿੱਚ ਫ਼ਾਊਂਡੇਸ਼ਨ ਦੇ ਜਨਰਲ ਸਕੱਤਰ ਕਮ ਸੀਨੀਅਰ ਵਾਇਸ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਨੇ ਸ਼ਰਧਾਂਜਲੀ ਦਿੰਦੇ ਹੋਏ ਪਰਿਵਾਰ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ। ਇੰਜ ਹਰਭਜਨ ਸਿੰਘ, ਸਾਬਕਾ ਡਿਪਟੀ ਚੀਫ਼ ਇੰਜੀਨੀਅਰ (ਰਿਟਾ.), ਪ੍ਰਧਾਨ ਜੀ ਨੇ ਆਪਣੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਦੇ ਮੁੱਢਲੇ ਜੀਵਨ, ਨੌਕਰੀ ਅਤੇ ਫ਼ਾਊਡੇਸ਼ਨ ਦੀਆਂ ਸੇਵਾਵਾਂ ਬਾਰੇ ਦੱਸਿਆ। ਸਰਦਾਰ ਭਗਤ ਸਿੰਘ, ਆਈ. ਏ.ਐਸ. (ਰਿਟਾ.) ਜੀ ਨੇ ਸਰਦਾਰ ਗਿਆਨ ਸਿੰਘ ਮੁਲਤਾਨੀ ਦੀਆਂ ਯਾਦਾਂ, ਖ਼ਾਸ ਤੌਰ ਤੇ ਸਖਸ਼ੀਅਤ ਅਤੇ ਕੰਮਾਂ ਨੂੰ ਦਰਸਾਉਂਦੇ ਹੋਏ ਭਾਵ ਭਿੰਨੀ ਸ਼ਰਧਾਂਜਲੀ ਪੇਸ਼ ਕੀਤੀ।

ਆਖਿਰ ਵਿੱਚ ਸਰਦਾਰ ਗੁਰਚਰਨ ਸਿੰਘ ਜੀ ਨੇ ਵਾਹਿਗੁਰੂ ਜੀ ਦੇ ਅੱਗੇ ਅਰਦਾਸ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦਾ ਜਾਣਾ ਇੱਕ ਸੰਪੂਰਨ ਜਾਣਾ ਹੁੰਦਾ ਹੈ ਪਰੰਤੂ ਪ੍ਰਾਣੀ ਦੇ ਵਿਛੋੜੇ ਨਾਲ ਪ੍ਰੇਮ ਭਾਵ ਹੁੰਦੇ ਹੋਏ ਭਾਵਨਾਵਾਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ :–

**।।ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ, ਅਨਦਿਨ ਨਾਮ ਵਖਾਣਾ ਰਾਮ ।।ਅੰਮ੍ਰਿਤ ਬਾਣੀ ਉਚਰਾਂ, ਹਰ ਜਸੁ ਮਿਠਾ ਲਗੈ ਤੈਰਾ ਭਾਣਾ ਰਾਮ ।। ਕਰਿ ਦਇਆ ਮਇਆ ਗੋਪਾਲ ਗੋਬਿੰਦ, ਕੋਈ ਨਾਹੀ ਤੁਝ ਬਿਨਾ ।। ਸਮਰਥ ਅਗਥ ਅਪਾਰ ਪੂਰਨ, ਜੀਉ ਤਨੁ ਧਨੁ ਤੁਮ ਮਨਾ ।। ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ ।। ਬਿਨਵੰਤਿ ਨਾਨਕ ਸਰ੍ਣਿ ਤੇਰੀ, ਰਖਿ ਲੇਹੁ ਆਵਣ ਜਾਣਾ ।।**

**।।"ਕਬੀਰ ਮਰਤਾ ਮਰਤਾ ਜਗੁ ਮੁਆ, ਮਰਿ ਭੀ ਨ ਜਾਨਿਆ ਕੋਇ"।।"ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਨਾ ਹੋਇ"।।**

ਇਸ ਸੰਸਾਰ ਵਿੱਚ ਵਿਚਰਦੇ ਹੋਏ ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਨੇ ਇਕ ਸਫ਼ਲ ਸ਼ਾਨਦਾਰ ਜੀਵਨ ਜੀਵਿਆ ਪ੍ਰੰਤੂ ਫਿਰ ਵੀ ਜਾਣੇ ਅਣਜਾਣੇ ਵਿੱਚ ਭੁੱਲਾਂ ਦੀ ਬਖ਼ਸ਼ਿਸ਼ ਲਈ ਵਾਹਿਗੁਰੂ ਅੱਗੇ ਬੇਨਤੀ ਕੀਤੀ ਗਈ।

**।।"ਕਹਤ ਕਬੀਰ ਸੁਨੋ ਰੇ ਸੰਤਹੁ, ਖੇਤ ਹੀ ਕਰੋ ਨਿਬੇਰਾ, ਅਬ ਕੀ ਬਾਰ ਬਖਸ਼ ਬੰਦੇ ਕੋ, ਬਹੁਰ ਨਾ ਭਵਜਲ ਫੇਰਾ"।।**

**।।ਸੋ, "ਸੰਬਤਿ ਸਾਹਾ ਲਿਖਿਆ, ਮਿਲਕਰ ਪਾਵਹੁ ਤੇਲ, ਦੇਹੁ ਸਜਣ ਆਸੀਸੜੀਆ, ਜਿਉਂ ਹੋਵੇ ਸਾਹਿਬ ਸਿਉ ਮੇਲ"।।**

ਇਸ ਮੌਕੇ ਪਰਿਵਾਰ ਵਲੋਂ ਇਸ ਸਮੇਂ 21000/– ਰੁਪਏ (ਇੱਕੀ ਹਜ਼ਾਰ ਰੁਪਏ) ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਨਮਿਤ ਸ਼ਰਧਾਪੂਰਵਕ ਫ਼ਾਊਂਡੇਸ਼ਨ ਨੂੰ ਭੇਂਟ ਕੀਤੇ ਗਏ। ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:), ਚੰਡੀਗੜ੍ਹ ਦੇ ਸਮੂਹ ਮੈਂਬਰ, ਅਹੁਦੇਦਾਰ ਤਹਿ ਦਿਲੋਂ ਪਰਿਵਾਰ ਦਾ ਧੰਨਵਾਦ ਕਰਦੀ ਹੈ ਅਤੇ ਅਰਦਾਸ ਕਰਦੇ ਹਨ ਕਿ ਸਰਦਾਰ ਗਿਆਨ ਸਿੰਘ ਮੁਲਤਾਨੀ ਜੀ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ, ਜਨਮ–ਮਰਣ ਦੇ ਆਵਾਗੋਣ ਤੋਂ ਮੁਕਤ ਰੱਖਣ ਅਤੇ ਪਿੱਛੇ ਸਮੂਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬੁਧੀ ਬਖਸ਼ਣ ਅਤੇ ਚੜ੍ਹਦੀ ਕਲਾ ਵਿਚ ਰੱਖਣ।

**(ਗੁਰਚਰਨ ਸਿੰਘ)**
**ਸੀ. ਮੀਤ ਪ੍ਰਧਾਨ (ਹੈ.ਕੁ.) ਕਮ ਜਨਰਲ ਸਕੱਤਰ**
**ਬੀ.ਐਮ.ਐਸ.ਐਲ.ਐਫ, ਚੰਡੀਗੜ੍ਹ।**

# ਸ਼ੋਕ ਸਮਾਚਾਰ



**ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥ ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥**

**ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥**

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਸੈਕਟਰ 30-ਏ ਚੰਡੀਗੜ੍ਹ ਵੱਲੋਂ ਬਹੁਤ ਹੀ ਦੁੱਖ ਨਾਲ ਪ੍ਰਗਟਾਵਾ ਕੀਤਾ ਜਾਂਦਾ ਹੈ ਕਿ ਮੇਜਰ ਸਰਦਾਰ ਤਰਲੋਕ ਸਿੰਘ ਸਪੁੱਤਰ ਸਵ. ਮਾਤਾ ਸਰਦਾਰਨੀ ਗੁਪਾਲ ਕੌਰ ਜੀ ਅਤੇ ਪਿਤਾ ਸਵ. ਸਰਦਾਰ ਮੇਹਰ ਸਿੰਘ ਜੀ ਵਾਸੀ ਕੋਠੀ ਨੰਬਰ 62, ਸੈਕਟਰ-71, ਮੁਹਾਲੀ, ਮਿਤੀ 01-01-2024 ਨੂੰ ਕੁਝ ਸਮਾਂ ਬੀਮਾਰ ਹੋਣ ਕਰਕੇ ਵਾਹਿਗੁਰੂ ਵੱਲੋਂ ਬਖ਼ਸ਼ੀ ਸੰਸਾਰਕ ਯਾਤਰਾ ਮਿਤੀ 19-06-1930 ਤੋਂ 01-01-2024 ਤੱਕ (ਤਕਰੀਬਨ 93 ਸਾਲ 6 ਮਹੀਨੇ) ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਮੇਜਰ ਤਰਲੋਕ ਸਿੰਘ ਜੀ ਇਕ ਉੱਚੀ-ਸੁੱਚੀ ਸ਼ਖ਼ਸ਼ੀਅਤ ਦੇ ਮਾਲਕ ਸਨ। ਆਪਜੀ ਇਮਾਨਦਾਰੀ, ਸਾਦਾ ਜੀਵਨ, ਕਾਬਿਲ ਦ੍ਰਿੜ੍ਹ ਇਰਾਦੇ ਵਾਲੇ, ਸਭ ਵਰਗਾਂ ਦੇ ਮੱਦਦਗਾਰ, ਉੱਚ ਆਚਰਣ, ਨਿੱਘੇ ਸੁਭਾਅ, ਘੱਟ ਬੋਲਣ ਵਾਲੇ, ਦੇਸ਼ ਕੌਮ ਦੇ ਸੂਰਮੇਂ, ਅਭਾਰ ਅਤੇ ਜ਼ਿੰਮੇਵਾਰੀ ਨਿਭਾਉਣ ਵਾਲੇ, ਗੁਰੂ ਘਰ ਅਤੇ ਗੁਰਬਾਣੀ ਦੇ ਧਾਰਨੀ ਅਤੇ ਅਥਾਹ ਵਿਸ਼ਵਾਸ਼ ਰੱਖਣ ਵਾਲੇ ਹਰ ਪੱਖੋਂ ਪਰਿਵਾਰਕ, ਸਮਾਜਿਕ, ਦੇਸ਼ ਕੌਮ ਦੀ ਰਾਖੀ ਰਖਣ ਵਾਲੇ ਰਹਿ ਕੇ ਇਕ ਬਹੁਤ ਸਫਲ ਜੀਵਨ ਬਤੀਤ ਕਰਕੇ ਸਹਿਜ ਵਿਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। "**ਤੇਰੀ ਗਲੀ ਮੇਂ ਸਜਦੇ ਕਰਕੇ ਹਮਨੇ ਇਬਾਦਤਗਾਹ ਬਨਾ ਲੀ**" ਇਸ ਤਰ੍ਹਾਂ "**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**"

"**ਬਾਬਾ ਬੋਲਤੇ ਤੇ ਕਹਾ ਗਏ, ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ, ਕਥਾ ਬਾਰਤਾ ਕਹਤੇ ॥**"

ਮੇਜਰ ਤਰਲੋਕ ਸਿੰਘ ਜੀ ਦਾ ਜਨਮ ਬਾਬਕਵਾਲ, ਜ਼ਿਲ੍ਹਾ ਸ਼ੇਖੂਪੁਰਾ (ਹੁਣ ਪੱਛਮੀ ਪੰਜਾਬ, ਪਾਕਿਸਤਾਨ ਵਿਚ) ਵਿਚ ਹੋਇਆ। ਆਪ ਜੀ ਮੁੱਢ ਤੋਂ ਹੀ ਵਾਹਿਗੁਰੂ ਦੀ ਕ੍ਰਿਪਾ ਨਾਲ ਹੁਸ਼ਿਆਰ ਦਿਮਾਗ਼ ਦੇ ਮਾਲਕ ਸਨ। ਆਪ ਜੀ ਨੇ ਦੱਸਵੀਂ ਜਮਾਤ ਅੱਵਲ ਦਰਜੇ ਵਿਚ ਪ੍ਰਾਪਤ ਕੀਤੀ। 1947 ਸਮੇਂ ਦੇਸ਼-ਪੰਜਾਬ ਦੀ ਵੰਡ ਕਰਕੇ ਆਪ ਜੀ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਸ ਗਏ। ਪਰਿਵਾਰ ਦੀਆਂ ਅਤੇ ਬਟਵਾਰੇ ਦੇ ਉਪਰੰਤ ਪਰਿਵਾਰ ਵਿਚ ਵੱਡੇ ਹੋਣ ਕਰਕੇ ਅਤੇ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਆਪ ਜੀ 1948 ਵਿਚ ਫੌਜ ਵਿਚ ਭਰਤੀ ਹੋ ਗਏ। ਨਾਲ-ਨਾਲ ਉਚੇਰੀ ਪੜ੍ਹਾਈ ਕਰਦੇ ਹੋਏ ਗ੍ਰੇਜੂਏਟ ਦੀ ਡਿਗਰੀ ਪ੍ਰਾਪਤ ਕੀਤੀ। 1970 ਵਿਚ ਕਮਿਸ਼ਨ ਪ੍ਰਾਪਤ ਕਰਕੇ ਅਖੀਰ ਮੇਜਰ ਦੇ ਪਦ ਤੋਂ ਚੰਗੀਆਂ ਸੇਵਾਵਾਂ ਨਿਭਾ ਕੇ 1985 ਵਿਚ ਰਿਟਾਇਰ ਹੋ ਗਏ ਸਨ। ਫੌਜ ਦੀਆਂ ਸੇਵਾਵਾਂ ਦੌਰਾਨ ਆਪ ਜੀ ਨੇਫਾ-ਬਾਰਡਰ ਤੇ 1962 ਵਿਚ ਚੀਨ ਨਾਲ ਜੰਗ ਵਿਚ ਤੈਨਾਤ ਰਹੇ। ਉਥੇ ਮੌਸਮ ਜ਼ਿਆਦਾ ਠੰਡਾ ਹੋਣ ਕਰਕੇ ਆਪ ਜੀ ਨੂੰ ਸਾਹ ਲੈਣ ਦੀ ਤਕਲੀਫ਼ ਵੀ ਹੋ ਗਈ ਪ੍ਰੰਤੂ ਆਪ ਦ੍ਰਿੜ੍ਹ ਵਿਸ਼ਵਾਸ ਨਾਲ ਅਤੇ ਸੇਵਾ ਭਾਵਨਾ ਨਾਲ ਚੜ੍ਹਦੀ ਕਲਾ ਵਿਚ ਰਹਿ ਕੇ ਬਾਕੀ ਰਹਿੰਦੀਆਂ ਫੌਜੀ ਸੇਵਾਵਾਂ ਦੇਵਲੀ ਹੈੱਡ ਕੁਆਟਰ ਵਿਖੇ ਰਹੇ ਅਤੇ ਸਪੈਸ਼ਲ ਆਰਟਿਲਰੀ ਇੰਨਟਰਕਟਰ ਆਪਣੀ ਯੋਗਤਾ ਅਤੇ ਤਜ਼ਰਬੇ ਨਾਲ ਬਣੇ। ਇਸ ਤੋਂ ਇਲਾਵਾ ਆਪ ਜੀ ਨੇ ਜ਼ਿਆਦਾਤਰ ਬਾਰਡਰ ਤੇ ਹੀ ਦੇਸ਼ ਕੌਮ ਦੀ ਰਾਖੀ ਲਈ ਸੇਵਾਵਾਂ ਫ਼ਖ਼ਰ ਨਾਲ ਨਿਭਾਈਆਂ ਜਿਵੇਂ ਕਿ ਹੁਸੈਨੀਵਾਲਾ, ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ, ਛੰਭ ਜੋੜੀਆਂ ਇਤਿਆਦਿ। ਇਨ੍ਹਾਂ ਦੇ ਮਨ ਵਿਚ ਭਾਵਨਾ ਸੀ ਕਿ "**ਦੇਹਿ ਸਿਵਾ ਬਰਿ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨ ਟਰੋਂ ॥ ਨਿਸਚੈ ਕਰ ਅਪਨੀ ਜੀਤ ਕਰੋਂ ॥**"

ਸੰਨ 1985 ਵਿਚ ਸੇਵਾ ਨਵਿਰਤੀ ਉਪਰੰਤ ਮੇਜਰ ਤਰਲੋਕ ਸਿੰਘ ਜੀ ਮੁਕੇਰੀਆਂ ਵਿਖੇ ਰਹਿ ਕੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਅਤੇ ਭੈਣ-ਭਰਾਵਾਂ ਦੀ ਸੇਵਾ, ਸਹਾਇਤਾ ਵਿਚ ਜੁੜੇ ਰਹੇ। ਇਥੇ ਇਹ ਜ਼ਰੂਰੀ ਹੈ ਕਿ ਆਪ ਜੀ ਨੌਕਰੀ ਦੌਰਾਨ, ਆਪ ਜੀ ਦੀ ਧਰਮ ਪਤਨੀ ਸਵ. ਸਰਦਾਰਨੀ ਹਰਬੰਸ ਕੌਰ ਜੀ ਨੇ ਸੰਯੁਕਤ ਪਰਿਵਾਰ ਦੀਆਂ ਸੇਵਾਵਾਂ ਖ਼ੂਬ ਨਿਭਾਈਆਂ ਅਤੇ ਉੱਚ ਸਿਖਿਅਤ ਪਰਿਵਾਰ ਦੀ ਸਾਜਣਾਂ ਕਰਨ ਵਿਚ ਵੱਡਮੁੱਲਾ ਨਿਸ਼ਕਾਮ ਯੋਗਦਾਨ ਦਿੱਤਾ। ਇਸ ਸਦਕਾ ਮੇਜਰ ਤਰਲੋਕ ਸਿੰਘ ਜੀ ਛੋਟੇ ਭਾਈ ਸਾਹਿਬ ਸਰਦਾਰ ਭਗਤ ਸਿੰਘ ਜੀ ਆਈ.ਏ.ਐਸ. ਬਣੇ ਅਤੇ ਸ. ਬਲਵੰਤ ਸਿੰਘ ਜੀ ਵੀ ਚੰਗੇ ਸਿਖਿਅਤ ਹੋ ਕੇ ਪਰਿਵਾਰ ਸਮੇਤ ਮੁਕੇਰੀਆਂ ਵਿਖੇ ਰਹਿ ਰਹੇ ਹਨ।

ਸਰਦਾਰ ਮੇਜਰ ਤਰਲੋਕ ਸਿੰਘ ਜੀ 2007 ਉਪਰੰਤ ਮੁਹਾਲੀ ਵਿਖੇ ਆ ਕੇ ਰਹਿਣ ਲੱਗ ਪਏ। ਉਸ ਸਮੇਂ ਆਪ ਜੀ ਦਾ ਛੋਟਾ ਬੇਟਾ ਕਰਨਲ ਗੁਰਦੀਪ ਸਿੰਘ ਫੌਜ ਵਿਚ ਸੇਵਾਵਾਂ ਨਿਭਾ ਰਹੇ ਸਨ ਜਿਸ ਕਰਕੇ ਉਹਨਾਂ ਦੇ ਪਰਿਵਾਰ ਦੀ ਦੇਖ-ਰੇਖ, ਪੜ੍ਹਾਈ ਵਗੈਰਾ ਆਪ ਜੀ ਕਰਦੇ ਸਨ। ਆਪ ਜੀ ਦੇ ਤਿੰਨ ਹੋਣਹਾਰ ਸਪੁੱਤਰ ਸਨ। ਵੱਡੇ ਦੋ ਸਪੁੱਤਰ ਸਰਦਾਰ ਭੁਪਿੰਦਰ ਸਿੰਘ ਮਾਰਕਫੈਡ ਵਿਚ ਸੀਨੀਅਰ ਮੈਨੇਜਰ ਸਨ ਅਤੇ ਦੂਜੇ ਨੰਬਰ ਤੇ ਸਰਦਾਰ ਹਰਜੀਤ ਸਿੰਘ ਪਟਿਆਲਾ ਵਿਖੇ ਡਾਕਟਰ ਤੈਨਾਤ ਸਨ। ਪ੍ਰੰਤੂ ਗੁਰੂ ਭਾਣੇ ਅੰਦਰ ਮੇਜਰ ਤਰਲੋਕ ਸਿੰਘ, ਸਮੂਹ ਪਰਿਵਾਰ, ਰਿਸ਼ਤੇਦਾਰ, ਮਿੱਤਰ, ਸਨੇਹੀਆਂ, ਉਸ ਸਮੇਂ ਹਰ ਆਮ-ਖਾਸ ਨੇ ਡੂੰਘਾ ਸਦਮਾ ਝਲਿਆ ਕਿਉਂਕਿ ਸੰਨ 1980 ਇਕ ਨਹਿਰੀ ਹਾਦਸੇ ਕਾਰਨ ਸਰਦਾਰ ਭੁਪਿੰਦਰ ਸਿੰਘ (25 ਸਾਲ) ਅਤੇ ਸਰਦਾਰ

ਸਵ. ਹਰਜੀਤ ਸਿੰਘ (23 ਸਾਲ) ਇਕੋ ਸਮੇਂ ਨਹਿਰੀ ਪਾਣੀ ਦੇ ਵਹਾਅ ਕਾਰਨ ਭਰ ਜਵਾਨੀ ਵਿਚ ਪਰਲੋਕ ਸਿਧਾਰ ਗਏ। ਬਹੁਤ ਹੀ ਅਸਹਿ ਕਸ਼ਟ ਸੀ, ਪਰੰਤੂ ਮੇਜਰ ਤਰਲੋਕ ਸਿੰਘ ਨੇ ਇਸ ਭਾਣੇ ਨੂੰ ਆਪਣੇ ਅੰਦਰ ਹੀ ਅਖੀਰ ਤੱਕ ਸਮੋਈ ਰੱਖਿਆ। ਹਰ ਮਿਲਣ ਵਾਲੇ ਨਾਲ ਵਿਵਹਾਰਿਕ ਹੀ ਵਿਚਰ ਕੇ ਜ਼ਿੰਦਗੀ ਸਹਿਜ ਵਿਚ ਬਤੀਤ ਕੀਤੀ। ਇਹ ਤਾਹੀਉਂ ਹੀ ਹੋ ਸਕਦਾ ਹੈ ਜੇ ਵਾਹਿਗੁਰੂ ਵੱਲੋਂ ਸੇਧ ਮੇਜਰ ਤਰਲੋਕ ਸਿੰਘ ਜੀ ਨੂੰ ਮਿਲੀ ਹੋਈ ਸੀ "**ਡੰਡਉਤ ਬੰਦਨਾ ਅਨਿਕ ਬਾਰ ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥਿ ॥**" ਇਸ ਤਰ੍ਹਾਂ ਦੀ ਅਵਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂਆਂ ਦੇ ਮਾਰਗ ਤੇ ਚੱਲ ਕੇ ਆਉਂਦੀ ਹੈ। ਇਕ ਵਾਰ ਦਾ ਕਥਨ ਹੈ ਕਿ "ਸਾਂਈ ਮੀਆ ਮੀਰ ਜੀ" ਸਾਹਿਬ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੂੰ ਵਾਰਤਾ ਵਿਚ ਕਿਹਾ ਕਿ ਗੁਰਬਾਣੀ ਦੀ ਇਕ ਤੁੱਕ ਤੇ ਮੈਨੂੰ ਕੁਝ ਸ਼ੰਕਾ ਹੈ। ਗੁਰ ਜੀ ਆਪ ਨਿਵਾਰਣ ਕਰਨ ਦੀ ਕ੍ਰਿਪਾਲਤਾ ਕਰੋ। "**ਤਨ ਮਨ ਕਾਟਿ ਕਾਟਿ ਸਭ ਅਰਪੀ ਵਿਚ ਅਗਨੀ ਆਪਿ ਜਲਾਈ ॥**" ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਇਸ ਦਾ ਪਰਮਾਣ ਸਮੇਂ ਆਉਣ ਤੇ ਦਿਖਾਣਗੇ। ਜਦੋਂ ਗੁਰੂ ਅਰਜਨ ਦੇਵ ਜੀ ਨੂੰ ਸਮਕਾਲੀ ਮੁਗਲ ਬਾਦਸ਼ਾਹ ਨੇ ਲਾਹੌਰ ਵਿਚ ਕੈਦ ਕਰਕੇ ਸ਼ਹੀਦ ਕਰਨ ਦਾ ਫੁਰਮਾਨ ਜਾਰੀ ਕਰ ਦਿੱਤਾ ਅਤੇ ਕੈਦ ਵਿਚ ਕਿਸੇ ਨੂੰ ਵੀ ਜਾਣ ਦੀ ਆਗਿਆ ਨਹੀਂ ਸੀ। ਪ੍ਰੰਤੂ ਸਾਂਈ ਮੀਆਂ ਮੀਰ ਜੀ ਉੱਚ ਦਰਜੇ ਦੇ ਰੂਹਾਨੀ ਸਰਕਾਰੀ ਦਰਬਾਰੇ ਪੀਰ ਸਨ। ਖਾਸ ਇਜਾਜ਼ਤ ਪ੍ਰਾਪਤ ਕਰ ਲਈ। ਜਦੋਂ ਉਹਨਾਂ ਨੇ ਕੈਦ ਖਾਨੇ ਵਿਚ ਅੰਦਰ ਜਾ ਕੇ ਵੇਖਿਆ ਕਿ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਤੱਤੀ ਤਵੀ ਤੇ ਬਿਠਾਇਆ ਹੋਇਆ ਹੈ ਤਾਂ ਪੀਰ ਸਾਹਿਬ ਦੀਆਂ ਧਾਹਾਂ ਨਿਕਲ ਗਈਆਂ। ਪ੍ਰੰਤੂ ਗੁਰੂ ਅਰਜਨ ਦੇਵ ਸਾਹਿਬ ਸਹਿਜ ਵਿਚ ਸਾਂਈ ਮੀਆਂ ਮੀਰ ਜੀ ਨੂੰ ਮੁਖਾਤਿਬ ਹੋ ਕੇ ਕਿਹਾ ਕਿ ਸਾਂਈ ਜੀ ਤੁਹਾਨੂੰ ਆਪਣੇ ਸਵਾਲ ਦਾ ਜਵਾਬ ਨਹੀਂ ਲੈਣਾ ਤਾਂ ਗੁਰੂ ਜੀ ਨੇ ਉਚਾਰਨ ਕੀਤਾ "**ਚੰਦਨ ਚੰਦ ਨ ਸਰਦ ਰੁਤ, ਮੂਲਿ ਨ ਮਿਟਈ ਘਾਮਿ ॥ ਸੀਤਲ ਥੀਵੈ ਨਾਨਕਾ ਜੰਪਦੜੋ ਹਰਿ ਨਾਮਿ ॥**" ਇਸੇ ਤਰ੍ਹਾਂ ਦਾ ਕਿਰਦਾਰ ਬਹੁਤ ਹੱਦ ਤੱਕ ਮੇਜਰ ਤਰਲੋਕ ਸਿੰਘ ਜੀ ਦਾ ਰਿਹਾ ਹੈ। ਆਪ ਜੀ ਦਾ ਸਭ ਸਤਿਕਾਰ ਤਹਿ ਦਿਲੋਂ ਕਰਦੇ ਸਨ। ਆਪ ਜੀ ਖਾਸ ਕਰਕੇ ਫੌਜ ਦੀਆਂ ਗਤੀਵਿਧੀਆਂ, ਪੈਨਸ਼ਨ ਦੇ ਮਾਮਲੇ ਆਦਿ ਦੀਆਂ ਗਤੀਵਿਧੀਆਂ ਦਾ ਗਿਆਨ-ਵਿਚਾਰ ਕਰਦੇ ਸਨ। ਆਪਣੇ ਸਾਥੀਆਂ ਨਾਲ ਚੰਗੀ ਤਰ੍ਹਾਂ ਗੱਲਾਂ ਕਰਦੇ, ਮਿਲਦੇ-ਜੁਲਦੇ ਸਨ ਜਿਵੇਂ ਕਿ ਮੁਹਾਲੀ ਵਿਖੇ ਮੇਜਰ ਨਰੰਜਨ ਸਿੰਘ ਮੁਲਤਾਨੀ ਨਾਲ ਵੀ ਕਾਫੀ ਨੇੜਤਾ ਸੀ। ਜਦ ਕਦੀ ਵੀ ਕੋਈ ਸਲਾਹ ਲੈਣੀ ਹੋਵੇ ਜਾਂ ਕੋਈ ਸਾਂਝਾ ਕੰਮ ਕਰਨਾ ਹੋਵੇ ਮੇਜਰ ਤਰਲੋਕ ਸਿੰਘ ਰਾਹੀਂ ਹੋ ਜਾਂਦਾ ਸੀ। ਸ. ਭਗਤ ਸਿੰਘ ਆਈ.ਏ.ਐਸ. ਛੋਟੇ ਭਾਈ ਸਾਹਿਬ ਨੂੰ ਕਈ ਵਾਰੀ ਸੇਧ ਵਜੋਂ ਆਪਣੇ ਵਿਚਾਰ ਵੀ ਦਿੰਦੇ ਰਹਿੰਦੇ ਸਨ।

ਆਪ ਜੀ ਦੇ ਪਰਿਵਾਰ ਵਿਚ ਬੇਟਾ ਕਰਨਲ ਗੁਰਦੀਪ ਸਿੰਘ, ਉਹਨਾਂ ਦੀ ਧਰਮ ਪਤਨੀ ਸਰਦਾਰਨੀ ਸ਼ਰਨਜੀਤ ਕੌਰ ਉੱਚ ਸਿਖਿਅਤ ਐਮ.ਏ. ਪੜ੍ਹੇ-ਲਿਖੇ ਹਨ। ਬੇਟੀ ਕੰਵਲਜੀਤ ਕੌਰ ਵੀ ਐਮ.ਏ. ਪੜ੍ਹੇ ਹੋਏ ਹਨ ਅਤੇ ਉਨ੍ਹਾਂ ਦੇ ਪਤੀ (ਦਾਮਾਦ) ਇੰਜੀਨੀਅਰ ਕਮਲਜੀਤ ਸਿੰਘ ਉਸਾਰੀ ਸੇਵਾਵਾਂ ਵਿਚ ਡਾਇਰੈਕਟਰ ਪਦ 'ਤੇ ਤਾਇਨਾਤ ਹਨ। ਪੋਤਰਾ ਇੰਦਰਜੀਤ ਸਿੰਘ ਬੀ.ਟੈਕ., ਐਮ.ਬੀ.ਏ. ਹੈ ਅਤੇ ਕੈਨੇਡਾ ਵਿਚ ਚੰਗੀ ਨੌਕਰੀ ਕਰ ਰਿਹਾ ਹੈ ਅਤੇ ਉਹਨਾਂ ਦੀ ਧਰਮ ਪਤਨੀ ਸਰਦਾਰਨੀ ਰੂਪਮੀਤ ਕੌਰ ਡੈਂਟਲ ਸਰਜਨ ਹਨ। ਪੋਤਰੀ ਸਰਦਾਰਨੀ ਜਸਮੀਨ ਕੌਰ ਐਮ.ਬੀ.ਏ. ਹੈ ਅਤੇ ਉਹਨਾਂ ਦਾ ਪਤੀ ਸ. ਗੁਰਸ਼ਰਨਦੀਪ ਸਿੰਘ ਐਮ.ਟੈਕ. ਅਤੇ ਕੰਪਿਊਟਰ ਅਮਰੀਕਾ ਤੋਂ ਕੀਤੀ ਹੋਈ ਹੈ। ਜੋ ਕਿ ਉੱਘੇ ਪਰਿਵਾਰ ਸਰਦਾਰ ਮਨਦੀਪ ਸਿੰਘ ਆਈ.ਏ.ਐਸ., ਸੈਕਰੇਟਰੀ ਟਰਾਂਸਪੋਰਟ, ਪੰਜਾਬ ਰਿਟਾਇਰ ਹੋਏ ਹਨ ਅਤੇ ਇਕ ਬਹੁਤ ਵਧੀਆ ਪਰਿਵਾਰ ਹੈ।

ਮੇਜਰ ਸਰਦਾਰ ਤਰਲੋਕ ਸਿੰਘ ਜੀ ਨੇ ਸਫਲ ਜੀਵਨ ਵਿਚ ਵਿਚਰਦੇ ਹੋਏ ਨਾਮਣਾ ਖੱਟਿਆ ਹੈ। ਜਾਣਾ ਸਭ ਨੇ ਹੈ ਪ੍ਰੰਤੂ ਇਹੋ ਜਿਹਾ ਜਾਣਾ "**ਗੁਰਮੁਖਿ ਸਫਲ ਜਨੰਮ ਜਗ ਵਿਚਿ ਆਇਆ ॥ ਗੁਰਮੁਖਿ ਪੂਰ ਕਰੰਮ ਆਪ ਗਵਾਇਆ ॥ ਭਾਉ ਭਗਤ ਕਰਿ ਕੰਮੁ, ਸੁਖ ਫਲ ਪਾਇਆ ॥ ਗੁਰ ਉਪਦੇਸ਼ ਅਗੰਮ, ਰਿਦੈ ਵਸਾਇਆ ॥ ਧੀਰਜ ਧੁਜਾ ਧਰੰਮੁ, ਸਹਿਜ ਸੁਭਾਇਆ ॥ ਸਹੈ ਨ ਦੂਖ ਸਹੰਮੁ, ਭਾਣਾ ਭਾਇਆ ॥**"

ਮੇਜਰ ਸਰਦਾਰ ਤਰਲੋਕ ਸਿੰਘ ਜੀ ਅਤੇ ਸਮੂਹ ਪਰਿਵਾਰ ਸਮੇਤ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ, ਸੈਕਟਰ 30-ਏ, ਚੰਡੀਗੜ੍ਹ ਨਾਲ ਇਸ ਦੀ ਸਥਾਪਨਾ 1975 ਤੋਂ ਹੀ ਜੁੜੇ ਹੋਏ ਹਨ ਅਤੇ ਤਨ, ਮਨ, ਧਨ ਨਾਲ ਖੂਬ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਰਹਿੰਦੇ ਹਨ।

ਸੰਸਾਰ ਵਿਚ ਵਿਚਰਦਿਆਂ ਇਨਸਾਨ ਕੋਲੋਂ ਜਾਣੇ ਵਿਚ ਭੁੱਲਾਂ ਹੋ ਜਾਂਦੀਆਂ ਹਨ ਤਾਂ ਸਤਿਗੁਰ ਬਖਸ਼ਣ ਲੈਣ। "**ਕਹਤ ਕਬੀਰ ਸੁਨੋ ਰੇ ਸੰਤਹੋ, ਖੇਤ ਹੀ ਕਰੋ ਨਿਬੇਰਾ, ਅਬ ਕੀ ਬਾਰ ਬਖ਼ਸ਼ ਬੰਦੇ ਕੋ, ਬਹੁਰ ਨਾ ਭਵ ਜਲ ਫੇਰਾ ॥**" ਸੋ "**ਸੰਬਤਿ ਸਾਹਾ ਲਿਖਿਆ, ਮਿਲਿ ਕਰ ਪਾਵਹੁ ਤੇਲੁ, ਦੇਹ ਸਜਣ ਅਸੀਸੜੀਆਂ, ਜਿਉ ਹੋਵੈ ਸਾਹਿਬ ਸਿਉ ਮੇਲਿ ॥**"

ਪਰਿਵਾਰ ਵੱਲੋਂ ਅੰਤਿਮ ਅਰਦਾਸ ਉਪਰੰਤ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਨੂੰ 21000 ਰੁਪਏ ਭੇਟ ਕੀਤੇ ਗਏ ਹਨ। ਗੁਰਦੁਆਰਾ ਸਿੰਘ ਸਭਾ ਮੁਕੇਰੀਆਂ ਵਾਸਤੇ 2100 ਰੁਪਏ ਅਤੇ ਗੁਰਦੁਆਰਾ ਸਿੰਘ ਸਭਾ ਸੈਕਟਰ-71, ਮੁਹਾਲੀ ਨੂੰ 2100 ਰੁਪਏ ਭੇਟ ਕੀਤੇ ਗਏ ਹਨ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਪ੍ਰਧਾਨ ਇੰਜ. ਹਰਭਜਨ ਸਿੰਘ ਡਿਪਟੀ ਚੀਫ਼ ਇੰਜ. (ਰਿਟਾ.) ਜੋ ਪਰਿਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਵੀ ਹਨ ਅਤੇ ਸਮੂਹ ਮੈਨੇਜਮੈਂਟ ਅਤੇ ਮੈਂਬਰ ਪਰਿਵਾਰ ਦੇ ਅਤਿ ਧੰਨਵਾਦੀ ਹਨ ਅਤੇ ਵਾਹਿਗੁਰੂ ਪ੍ਰਮਾਤਮਾ ਅੱਗੇ ਅਰਦਾਸ ਅਰਜੋਈ ਕਰਦੇ ਹਨ ਕਿ ਮੇਜਰ ਸਰਦਾਰ ਤਰਲੋਕ ਸਿੰਘ ਜੀ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ਣ, ਜਨਮ-ਮਰਨ ਦੇ ਆਵਾਗੌਣ ਤੋਂ ਮੁਕਤ ਰੱਖਣ ਅਤੇ ਪਿੱਛੇ ਸਮੂਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬੁਧੀ ਬਖਸ਼ਣ ਅਤੇ ਪਰਿਵਾਰ ਨੂੰ ਵਾਹਿਗੁਰੂ ਚੜ੍ਹਦੀ ਕਲਾ ਵਿਚ ਰੱਖਣ।

**(ਗੁਰਚਰਨ ਸਿੰਘ)**

**ਸੀ. ਮੀਤ ਪ੍ਰਧਾਨ (ਹੈ.ਕੁ.) ਕਮ ਜਨਰਲ ਸਕੱਤਰ**

**ਬੀ.ਐਮ.ਐਸ.ਐਲ.ਐਫ, ਚੰਡੀਗੜ੍ਹ।**

# ਕਾਵਿ-ਕਿਆਰੀ

## 2024 ਮੁਬਾਰਕ!



R.S. TERKIANA

ਯਾਦਾਂ ਦੀ, ਗੱਠੜੀ ਬੰਨ ਕੇ ਹੁਣ, ਵੀਹ ਸੌ ਤੇਈ ਹੈ ਚੱਲਿਆ
ਇਸ ਦੀਆਂ, ਘਟਨਾਵਾਂ ਨੇ, ਸਾਡੇ ਜ਼ਿਹਨ 'ਚ ਥਾਂ ਅਜੇ ਮੱਲਿਆ

ਬੇਇਨਸਾਫ਼ੀ, ਜ਼ੁਲਮ, ਤਸ਼ੱਦਦ, ਤਨ ਮਨ ਉੱਤੇ ਝੱਲਿਆ
ਵੀਹ ਸੌ ਤੇਈ ਵਿੱਚ, ਤੁਸੀ ਵੀ ਕਿਹੜਾ, ਸੁੱਖ ਸੁਨੇਹਾ ਘੱਲਿਆ

ਮਣੀਪੁਰ ਦੀਆਂ, ਘਟਨਾਵਾਂ ਵਾਲੇ, ਅਜੇ ਵੀ ਜ਼ਖ਼ਮ ਨੇ ਅੱਲੇ
ਚਰਚਾ ਛਿੜੀ ਰਹੀ, ਇਸ ਦੁਖਾਂਤ ਦੀ, ਹਰ ਘਰ ਗਲੀ ਮੁਹੱਲੇ

ਮੋਦੀ ਸਾਹਿਬ ਜੀ, ਹੁਣ ਕੀ ਰਹਿ ਗਿਆ, ਆਮ ਲੋਕਾਂ ਦੇ ਪੱਲੇ
ਉਹ ਵਿਚਾਰੇ, ਸਹਿਕ ਰਹੇ ਹਨ, ਟੈਕਸਾਂ ਦੇ ਬੋਝ ਥੱਲੇ

ਭਾਜਪਾ ਦੀ, ਬਰਮੀ 'ਚੋਂ ਨਿਕਲਿਆ, ਮਹਿੰਗਾਈ ਦਾ ਸੱਪ
ਔਖਾ ਹੋ ਗਿਆ, ਗ਼ਰੀਬ ਲਈ ਪੀਣਾ, ਚਾਹ ਦਾ ਵੀ ਇੱਕ ਕੱਪ

ਕੀਮਤਾਂ ਵਿੱਚ, ਉਛਾਲ ਆਉਂਦਾ ਤਾਂ, ਲੋਕ ਨੇ ਪਾਉਂਦੇ ਖੱਪ
ਮੁਜ਼ਾਹਰੇ ਕਰਨ, ਉਹ ਜਾਂਦੇ, ਬੈਰੀਕੇਡ ਨਹੀ ਸਕਦੇ ਟੱਪ

ਗ਼ਲਤ-ਮਲਤ, ਜੋ ਹੋ ਰਿਹਾ ਉਸ ਨੂੰ, ਕੋਈ ਨਹੀਂ ਸਕਿਆ ਰੋਕ
ਵਿਦਰੋਹ ਕਰਨ, ਵਾਲਿਆਂ ਨੂੰ ਹਨ, ਹਾਕਮ ਦਿੰਦੇ ਠੋਕ

ਵੋਟਾਂ ਵੇਚਣ, ਖਰੀਦਣ ਵਾਲੇ, ਬਹੁਤ ਨੇ ਇਥੇ ਲੋਕ
ਗਰੀਬਾਂ ਨੂੰ, ਉਹ ਚੋਣਾਂ ਦੀ, ਭੱਠੀ ਵਿੱਚ ਦਿੰਦੇ ਝੋਕ

ਲੀਡਰ ਠੂੱਠੇ, ਫੜ ਕੇ ਮੰਗਦੇ, ਵੋਟਰਾਂ ਕੋਲੋਂ ਖ਼ੈਰ
ਜਿੱਤਣ ਪਿੱਛੋਂ, ਵੋਟਰ ਉਨ੍ਹਾਂ ਲਈ, ਹੋ ਜਾਂਦੇ ਹਨ ਗ਼ੈਰ

ਨੀਲ ਆਰਮ ਸਟਰੋਂਗ, ਨੇ ਲਾਏ ਸਨ, ਉਣੱਤਰ ਵਿੱਚ ਜਿੱਥੇ ਪੈਰ
ਕਰ ਆਇਆ, ਉਸ ਚੰਦਰਮਾ ਦੀ, ਚੰਦਰਯਾਨ ਵੀ ਸੈਰ

ਭਗਵੰਤ ਮਾਨ, ਤੇ ਗਵਰਨਰ ਸਾਹਿਬ ਦਾ, ਪਿਆ ਹੀ ਰਿਹਾ ਪੰਗਾ
ਉੱਪਰ ਵਾਲੇ, ਵਗਾਉਣ ਤੁਰੇ ਸੀ, ਪੰਜਾਬ 'ਚ ਉਲਟੀ ਗੰਗਾ

ਨਾ ਕਰੋ, ਨਾ ਹੀ ਹੋਣ ਦਿਓ, ਮੁਲਕ 'ਚ ਕਿਤੇ ਵੀ ਦੰਗਾ
ਭਾਜਪਾ ਵਾਲਿਓ, ਮਣੀਪੁਰ ਵਿੱਚ, ਤੁਹਾਡਾ ਚਿਹਰਾ ਹੋ ਗਿਆ ਨੰਗਾ

ਇਸ ਕਰਕੇ ਵੀ, ਪਲਟ ਨਹੀਂ ਸਕੀ, ਇਸ ਦੇਸ਼ ਦੀ ਕਾਇਆ
ਇਕ ਪ੍ਰਸੈਂਟ, ਲੋਕਾਂ ਕੋਲ ਹੈ, ਚਾਲੀ ਪਰਸੈਂਟ ਮਾਇਆ

ਜਿਸ ਅਕਾਲ ਤਖ਼ਤ, ਨੂੰ ਸੀ ਕਦੇ, ਇੰਦਰਾ ਨੇ ਢੁਹਾਇਆ
ਓਸੇ ਤਖ਼ਤ 'ਤੇ, ਰਾਹੁਲ ਗਾਂਧੀ, ਮੱਥਾ ਟੇਕਣ ਆਇਆ

ਅਕਾਲੀਆਂ ਤੇ ਭਾਜਪਾਈਆਂ ਦਾ ਕਹਿੰਦੇ, ਫਿਰ ਹੋ ਸਕਦਾ ਮੇਲ
ਮਦਾਰੀਆਂ ਨੇ ਤਾਂ, ਖੇਲਣਾ ਹੀ ਹੁੰਦਾ, ਬਦਲ-ਬਦਲ ਕੇ ਖੇਲ

ਲੱਗਦਾ ਹੈ, ਇਸ ਮੁਲਕ ਦਾ ਤਾਂ, ਸਿਸਟਮ ਹੋ ਗਿਆ ਫੇਲ
ਭਾਜਪਾ ਨੇ, ਕਰ ਦਿੱਤਾ, ਇਸ ਦੇਸ਼ ਦਾ ਕਈ ਕੁੱਝ ਸੇਲ

ਜਿੱਧਰ ਵੇਖੋ, ਚਾਰ-ਚੁਫੇਰੇ, ਤੁਰੇ ਨੇ ਫਿਰਦੇ ਦੱਲੇ
ਚੈਨਲਾਂ ਵਾਲੇ, ਕਰਦੇ ਰਹਿੰਦੇ, ਫੋਕੀ ਬੱਲੇ-ਬੱਲੇ

ਮਨਪ੍ਰੀਤ ਬਾਦਲ, ਦੱਲ ਬਦਲੂ ਹੈ, ਕਿਹੜੀ ਕਿਸਮ ਦਾ ਬੰਦਾ
ਸਿਆਸਤ ਨੂੰ, ਬਣਾ ਲਿਆ ਹੈ, ਜਿਸ ਨੇ ਗੋਰਖ ਧੰਦਾ

ਲੀਡਰਾਂ ਦਾ ਕੀ, ਇੱਧਰੋਂ ਛੱਡ ਕੇ, ਓਧਰ ਮੱਲਦੇ ਕੁਰਸੀ
ਮਸਲਾ ਤਾਂ ਹੈ, ਵੋਟਰਾਂ ਦਾ, ਜਿਹੜੇ ਕੱਟਦੇ ਤੰਗੀ ਤੁਰਸ਼ੀ

ਹੜ੍ਹਾਂ ਦੀ ਮਾਰ ਨੇ, ਕੀਤੇ ਏਥੇ, ਕੱਖੋਂ ਹੌਲੇ ਕਿਸਾਨ
ਹੱਦੋਂ ਵੱਧ ਹੀ, ਹੋ ਗਿਆ ਉਨ੍ਹਾਂ ਦਾ, ਹੜ੍ਹਾਂ ਵਿੱਚ ਨੁਕਸਾਨ

ਥਾਂ ਥਾਂ, ਜਾ ਕੇ ਵਿਲਕੇ, ਸਿੱਧੂ ਮੂਸੇਵਾਲਾ ਦੇ ਮਾਪੇ
ਗੈਂਗਸਟਰਾਂ ਅਤੇ ਸਰਕਾਰਾਂ ਦੇ, ਉਹ ਕਰਦੇ ਰਹੇ ਸਿਆਪੇ

ਮਜ਼ਲੂਮਾਂ ਨੂੰ, ਲੱਗਦਾ ਹੈ ਜਿਵੇਂ, ਆ ਗਈ ਹੋਵੇ ਪਰਲੋ
ਰਾਮ ਰਹੀਮ ਨੂੰ, ਜੇਲ੍ਹ 'ਚੋਂ ਆਉਣ ਦੀ, ਮਿਲਦੀ ਹੈ ਜਦੋਂ ਫਰਲੋ

ਮੁੰਡੇ-ਕੁੜੀਆਂ, ਇਸ ਸਿਸਟਮ ਨੂੰ, ਕਰਦੇ ਨਹੀਂ ਪਸੰਦ
ਕਾਲਜ ਤੇ ਯੂਨੀਵਰਸਿਟੀਆਂ ਹੀ, ਕਿਤੇ ਹੋ ਨਾ ਜਾਣ ਬੰਦ

ਸੀਨੀਅਰ, ਕਾਂਗਰਸੀਆਂ ਦਾ ਟੋਲਾ, ਭਾਜਪਾ ਵਿੱਚ ਜਾ ਵੜ੍ਹਿਆ
ਪਤਾ ਨਹੀਂ, ਉਹ ਇਨ੍ਹਾਂ ਨੂੰ ਕਿਹੜਾ, ਦੁੱਧ ਪਿਆਉਂਦੇ ਕੜ੍ਹਿਆ

ਕਿਸੇ ਤੋਂ ਵੀ, ਹੱਲ ਨਾ ਹੋਇਆ, ਐੱਸ.ਵਾਈ.ਐੱਲ ਦਾ ਝਗੜਾ
ਰਲ-ਮਿਲ ਕੇ, ਪੰਜਾਬ ਨੂੰ ਹੀ, ਉਹ ਲਾਉਣਾ ਚਾਹੁੰਦੇ ਰਗੜਾ

ਤੌਬਾ! ਤੌਬਾ!! ਪੰਜਾਬ ਦੇ, ਅੰਦਰ ਦਰਦ ਹੈ ਚੋਖਾ
ਇਸ ਦੇ, ਰੰਗ-ਬਰੰਗੇ ਲੀਡਰਾਂ, ਇਸ ਨਾਲ ਕੀਤਾ ਧੋਖਾ

'ਇੰਡੀਆ' ਗੱਠਜੋੜ, ਵਾਲਿਓ ਜੇ ਕਿਤੇ, ਹੋ ਗਏ ਤੁਸੀਂ ਵੀ ਫ਼ੇਲ
ਦੇਖਿਓ, ਭਾਜਪਾ ਵਾਲਿਆਂ ਨੇ, ਤੁਹਾਡੀ ਕਿਵੇਂ ਬਣਾਉਣੀ ਰੇਲ

ਭ੍ਰਿਸ਼ਟਾਚਾਰ ਨੂੰ, ਲੱਗੀਆਂ ਨਹੀਂ ਅਜੇ, ਪੂਰੀ ਤਰ੍ਹਾਂ ਨਾਲ ਰੋਕਾਂ
ਫੜ ਫੜ ਕੇ ਹੀ, ਲਾਹੁਣੀਆਂ ਪੈਣੀਆਂ, ਲਹੂ ਪੀਣੀਆਂ ਜੋਕਾਂ

ਜਿਸਦਾ ਵੀ, ਲੱਗ ਸਕਿਆ, ਉਹ ਆਪਣਾ ਹੀ ਦਾਅ ਲਾ ਗਿਆ
ਦੂਜਿਆਂ ਦੇ ਤਾਂ, ਪੱਲੇ ਦੁੱਖ ਮੁਸੀਬਤਾਂ, ਹੀ ਉਹ ਪਾ ਗਿਆ

'ਟੇਰਕਿਆਨਾ' ਵੀਹ ਸੌ ਤੇਈ, ਆਪਣੇ ਰੰਗ ਵਿਖਾ ਗਿਆ
ਹੁਣ ਤਾਂ, ਯਾਰ ਚੁਕੰਨੇ ਹੋ ਜਾਓ, ਵੀਹ ਸੌ ਚੌਵੀ ਆ ਗਿਆ

ਵਲੋਂ :-


Raghbir Singh Terkiana
Advocate
673, New Model Town,
Hoshiarpur (Pb.)

ਰਘਵੀਰ ਸਿੰਘ ਟੇਰਕਿਆਨਾ
ਐਡਵੋਕੇਟ
ਚੈਂਬਰ ਨੰਬਰ 32
ਜ਼ਿਲ੍ਹਾ ਕਚਹਿਰੀ -ਹੁਸ਼ਿਆਰਪੁਰ (ਪੰਜਾਬ)

ਮੋਬਾਇਲ ਫੋਨ : 98141-73402, E-mail: raghbirterkiana@yahoo.co.in


RD 526

---

## (ਲ.ਫਜ਼ਾਂ ਦੀ ਲੋਏ ਲੋਏ)

### ਮਹਾਂਬਲੀ/ਹਰਬਖ਼ਸ਼ ਸਿੰਘ ਟਾਹਲੀ



ਅਰਜਨ ਯੋਧਾ ਇਸ ਕਰਕੇ ਨਹੀਂ ਸੀ
ਕਿ ਉਸ ਨੇ ਮਾਰ ਦਿੱਤੇ ਸਨ
ਕਈ ਮਹਾਂਬਲੀ ਸੂਰਮੇ
ਰਾਜੇ ਮਹਾਰਾਜੇ ਅਤੇ ਰਿਹਾ ਸੀ ਅਡੋਲ
ਅਰਜਨ ਤਾਂ ਯੋਧਾ ਸੀ ਇਸ ਕਰਕੇ
ਕਿ ਉਸ ਨੇ ਦੇਖਿਆ ਸੀ
ਕੁਰੂਕਸ਼ੇਤਰ ਦੇ ਮੈਦਾਨ ਵਿਚ
ਬ੍ਰਹਮ ਦਾ ਵਿਰਾਟ ਸਰੂਪ
ਉਸ ਨੇ ਦੇਖਿਆ ਸੀ ਸਾਰਾ ਆਕਾਸ਼
ਜਿਸ ਵਿਚ ਕਈ ਸੂਰਜ
ਟਿਮਟਿਮਾਉਂਦੇ ਸਨ ਤਾਰਿਆਂ ਵਾਂਗੂ
ਉਸ ਨੇ ਦੇਖੀਆਂ ਸਨ
ਕਈ ਧਰਤੀਆਂ ਉਡਦੀਆਂ, ਦਫ਼ਨ ਹੁੰਦੀਆਂ
ਅਤੇ ਫਿਰ ਬਣਦੀਆਂ, ਉਸਰਦੀਆਂ
ਉਸ ਨੇ ਦੇਖਿਆ ਸੀ
ਸਮੁੰਦਰਾਂ ਦੇ ਪਾਣੀਆਂ ਨੂੰ ਸੁੱਕਦਿਆਂ
ਤੇ ਦੇਖਿਆ ਸੀ ਇਕ ਮਹਾਂ ਅੰਧਕਾਰ
ਜਿਸ ਵਿਚੋਂ ਪ੍ਰਕਾਸ਼ ਉਪਜਦਾ ਸੀ?
ਤੇ ਉਸ ਨੇ ਆਪਣੀ ਹੋਂਦ ਨੂੰ ਦੇਖਿਆ ਸੀ
ਉਸ ਨੇ ਤਿਲ ਸਮਾਨ ਧਰਤੀ ਉੱਤੇ
ਦੇਖਿਆ ਸੀ ਆਪਣੇ ਆਪ ਨੂੰ ਖੜ੍ਹਾ

ਤੇ ਉਸ ਨੇ ਅਨੇਕਾਂ ਬ੍ਰਹਿਮੰਡਾਂ
ਦੀ ਪਾ ਲਈ ਸੀ ਝਲਕ
ਅਰਜਨ ਅਡੋਲ ਰਿਹਾ ਸੀ
ਉਹ ਡਰਿਆ ਨਹੀਂ ਸੀ
ਅਰਜਨ ਮਹਾਂਬਲੀ ਹੋ ਗਿਆ ਸੀ
ਉਸ ਨੇ ਆਪਣੀਆਂ ਅੱਖਾਂ ਨਾਲ
ਦੇਖਿਆ ਸੀ ਬ੍ਰਹਮ ਦਾ ਵਿਰਾਟ ਸਰੂਪ !

*****

## ਸ਼ਬਦਾਂ ਦੇ ਸੂਰਜ/ਦਾਨਵੀ ਜੰਗਲ

**ਸੁਰਿੰਦਰ ਮਕਸੂਦਪੁਰੀ**



ਇਹ ਦੁਨੀਆ ਦੀ ਭੀੜ
ਚੰਗੇ-ਮੰਦੇ ਜਿਸਮਾਂ ਦਾ ਜੰਗਲ
ਜੰਗਲ ਦੇ ਵਿਚ ਆਣ ਛੇੜਿਆ
ਕਲਯੁਗੀ ਦੈਂਤ-ਦਾਨਵ ਨੇ ਦੰਗਲ
ਅਮਾਨਵੀ ਦਾਨਵੀ ਜੰਗਲ ਵਿੱਚੋਂ
ਕਿੰਝ ਭਾਲੀਏ ਫਿਰ ਮਨ-ਮੰਗਲ?

ਬੇਰੁੱਤੀ ਪੱਤਝੜ ਦੇ ਪੰਜਿਆਂ ਝੰਬੇ
ਇਨ੍ਹਾਂ ਜੰਗਲੀ ਰੁੱਖਾਂ ਦੇ ਫੁੱਲ-ਪੱਤਰ
ਆਖ਼ਿਰ ਤੋੜ ਜਾਣਗੇ ਦਮ
ਕਿਸੇ ਸ਼ੈਤਾਨ ਸ਼ਕਤੀ ਵੱਲੋਂ ਕੈਦ ਕੀਤੀ
ਬਹਾਰ ਦੀ ਬਹਾਲੀ ਨੂੰ ਉਡੀਕਦਿਆਂ

ਇਨ੍ਹਾਂ ਜੰਗਲੀ ਦਰਿਆਵਾਂ ਕੰਢਲੇ
ਰਿਸ਼ਤਿਆਂ ਦੇ ਰੇਤਲੇ ਰੁੱਖ-ਬੂਟੇ ਵੀ
ਆਖ਼ਿਰ ਖੋਰ-ਭੋਰ ਜਾਣਗੇ ਦਮ
ਹਾਦਸਿਆਂ ਦੀ ਬੇਰਹਿਮ ਬਾਰਿਸ਼ ਦੀ ਰੁੱਤੇ
ਸਲਾਮਤੀ ਲਈ ਗਿੜਗਿੜਾਉਣਗੇ ਫਿਰ
ਆਪਣੀ ਕਿਆਮਤ ਦੇ ਉੱਤੇ

ਜੰਗਲ ਦੀ ਇਸ ਕਾਲ਼ੀ ਕਾਲਖ਼ ਰਾਤੇ
ਕਿਸ ਆਲ੍ਹਣੇ ਦੀ ਸ਼ਰਨ ਜਾਵੇਗਾ
ਮਨੁੱਖੀ ਰਿਸ਼ਤਿਆਂ ਦਾ ਜ਼ਖ਼ਮੀ ਪਰਿੰਦਾ
ਆਪਣੀ ਜਾਨ ਨੂੰ ਬਚਾਉਣ
ਕਿਸ ਵੈਦ ਕੋਲ ਜਾਵੇਗਾ ਆਖ਼ਿਰ
ਇਹ ਤੰਦਰੁਸਤੀ ਦੀ ਮਲ੍ਹਮ ਲਗਾਉਣ?

ਕਿਉਂਕਿ 'ਮਕਸੂਦਪੁਰੀ'
ਇਹ ਦੁਨੀਆ ਦੀ ਭੀੜ
ਚੰਗੇ-ਮੰਦੇ ਜਿਸਮਾਂ ਦਾ ਜੰਗਲ
ਜੰਗਲ ਦੇ ਵਿਚ ਆਣ ਛੇੜਿਆ
ਕਲਯੁਗੀ ਦੈਂਤ-ਦਾਨਵ ਨੇ ਦੰਗਲ
ਅਮਾਨਵੀ ਦਾਨਵੀ ਜੰਗਲ ਵਿੱਚੋਂ
ਕਿੰਝ ਭਾਲੀਏ ਫਿਰ ਮਨ-ਮੰਗਲ?

-234, ਸੁਦਰਸ਼ਨ ਪਾਰਕ, ਮਕਸੂਦਾਂ, ਜਲੰਧਰ-144021,
ਮੋ. 99887-10234

*****


## ਤੁਰ ਗਏ ਸੱਜਣ ਦੂਰ/ ਮੇਰੇ ਪਿੰਡ ਦੇ ਲੋਕ

ਮੇਰੇ ਪਿੰਡ ਵਿਚ ਸੂਰਜ ਚੜ੍ਹਦਾ ਲੈ ਕੇ ਨਵੀਂ ਸਵੇਰ ਏ।
ਰੱਬੀ ਬਾਣੀ ਨੂੰ ਸੁਣ ਸੁਣ, ਮਿਟਦਾ ਜਾਵੇ ਹਨੇਰ ਏ।
ਮੇਰੇ ਪਿੰਡ ਜਿਹਾ ਕੋਈ ਪਿੰਡ ਨਾ ਜੱਗ 'ਤੇ ਕੋਈ ਹੋਰ ਏ।
ਨਿੱਤ ਇਲਾਹੀ ਬਾਣੀ ਸੁਣਦੇ ਕਿਤੇ ਨਾ ਪੈਂਦਾ ਸ਼ੋਰ ਏ।

ਪਿੱਪਲਾਂ ਥੱਲੇ ਰੌਣਕ ਲਾਈ ਕੁਝ ਬਾਬਿਆਂ ਦੀ ਢਾਣੀ ਨੇ।
ਸੁਖ ਦੁਖ ਸਾਂਝਾ ਇਉਂ ਕਰਦੇ ਜਿਉਂ ਕਰਦੇ ਪੱਕੇ ਹਾਣੀ ਨੇ।
ਮਹਿਕ ਸੰਧੂਰੀ ਇਉਂ ਬਿਖੇਰੀ ਜਿਉਂ ਸੂਰਜ ਦੀ ਰਾਣੀ ਨੇ।
ਇਸ ਤਰ੍ਹਾਂ ਦੇ ਬਾਬੇ ਮੇਰੇ ਪਿੰਡ ਦੀ ਦਿਲਚਸਪ ਕਹਾਣੀ ਨੇ।
ਲਾਲ ਸਿੰਘ ਕਹੇ ਰੱਬ ਦੇ ਹੱਥ ਮਿੱਤਰੋ ਸਾਡੀ ਡੋਰ ਏ।
ਨਿੱਤ ਇਲਾਹੀ ਬਾਣੀ ਸੁਣਦੇ ਕਿਤੇ ਨਾ ਪੈਂਦਾ ਸ਼ੋਰ ਏ।

ਅੰਮ੍ਰਿਤ ਵੇਲੇ ਬੁੱਢੀਆਂ ਮਾਵਾਂ ਗੁਰੂ ਘਰਾਂ ਨੂੰ ਜਾਂਦੀਆਂ ਨੇ।
ਸਦਾ ਸਲਾਮਤ ਪਿੰਡ ਰਹੇ ਇਹ ਅਰਦਾਸ ਕਰ ਕੇ ਆਂਦੀਆਂ ਨੇ।
ਸਾਉਣ ਮਹੀਨੇ ਵਰਖਾ ਵਿਚ ਸੌ ਸੌ ਸ਼ਗਨ ਮਨਾਉਂਦੀਆਂ ਨੇ।
ਕੁੜੀਆਂ ਰਲ ਕੇ ਪਿੱਪਲਾਂ 'ਤੇ ਜਦ ਪੀਘਾਂ ਨੂੰ ਪਾਂਦੀਆਂ ਨੇ।
ਗਿੱਧਾ ਰਲ ਕੇ ਕੁੜੀਆਂ ਪਾਵਣ ਜਿਉਂ ਪੈਲਾਂ ਪਾਉਂਦਾ ਮੋਰ ਏ।
ਨਿੱਤ ਇਲਾਹੀ ਬਾਣੀ ਸੁਣਦੇ ਕਿਤੇ ਨਾ ਪੈਂਦਾ ਸ਼ੋਰ ਏ।

ਰਤਨ ਕਹੇ ਵਰਿੰਦਰ ਨੂੰ ਕਦੋਂ ਪਿੰਡ ਨੂੰ ਆਵੇਂਗਾ।
ਵਿਚ ਅਮਰੀਕਾ ਰਹਿ ਕੇ ਸਾਨੂੰ ਭੁੱਲ ਨਾ ਕਿਧਰੇ ਜਾਵੇਂਗਾ।
ਖੌਰੇ ਬਚਪਨ ਵਰਗੇ ਪਲ ਕੱਢ ਪਿੰਡ ਆ ਹੰਢਾਵੇਂਗਾ।
ਮਿੱਤਰਾਂ ਦੇ ਸੰਗ ਰਲ ਕੇ ਫਿਰ ਦਰਿਆ 'ਚ ਤਾਰੀਆਂ ਲਾਵੇਂਗਾ।
ਟਾਹਲੀ ਪਿੰਡ ਤਾਂ ਬਣ ਗਿਆ ਹੁਣ ਨਵਾਂ ਨਕੋਰ ਏ।
ਨਿੱਤ ਇਲਾਹੀ ਬਾਣੀ ਸੁਣਦੇ ਕਿਤੇ ਨਾ ਪੈਂਦਾ ਸ਼ੋਰ ਏ।



**ਰਤਨ ਟਾਹਲਵੀ**

# ਕਿਰਤ ਕਰੋ, ਨਾਮ ਜਪੋ, ਵੰਡ ਛਕੋ।

## ਸ਼ਬਦਾਂ ਦੇ ਸੰਜੋਗ

* ਭਾਈ ਵੱਲੋਂ ਕੀਤੀ ਅਰਦਾਸ ਵਿਚ ਕਿਸੇ ਦਾ ਨਾਮ ਲੈਣਾ ਭੁਲ ਜਾਣਾ, ਅਖ਼ਬਾਰ ਦੀ ਛਪੀ ਖ਼ਬਰ ਵਿਚ ਕਿਸੇ ਦਾ ਨਾਮ ਲਿਖਣਾ ਭੁਲ ਜਾਣਾ ਜਾਂ ਸਟੇਜ਼ ਤੋਂ ਕਿਸੇ ਦਾ ਨਾਮ ਨਾ ਬੋਲਣਾ ਛੋਟੀਆਂ-ਛੋਟੀਆਂ ਗੱਲਾਂ ਹੁੰਦੀਆਂ ਹਨ, ਜੋ ਵੱਡੇ-ਵੱਡੇ ਬੰਦਿਆਂ ਨੂੰ ਵੀ ਚੁੱਭ ਜਾਂਦੀਆਂ ਹਨ।
* ਲੋਕ ਹੱਸਦੇ-ਖੇਡਦੇ ਇਹ ਜ਼ਿੰਦਗੀ ਹੰਢਾਅ ਜਾਂਦੇ ਹਨ ਜਾਂ ਗੁਆ ਜਾਂਦੇ ਹਨ ਫੈਸਲਾ ਕੌਣ ਕਰੇ?
* ਜੇ ਦਿਲੋਂ ਪਿਆਰ ਹੋਵੇ ਤਾਂ ਹੱਥ ਮਿਲਾਉਣ ਦੀ ਲੋੜ ਨਹੀਂ ਹੁੰਦੀ ਤੇ ਜੇ ਦਿਲ ਦਰਬਾਰ ਵਿਚ ਝੁਕਿਆ ਹੋਇਆ ਹੋਵੇ ਤਾਂ ਸਿਰ ਝੁਕਾਉਣ ਦੀ ਲੋੜ ਨਹੀਂ ਹੁੰਦੀ।
* ਅਸੀਂ ਅੱਜਕੱਲ੍ਹ ਗੁਰਬਾਣੀ ਨੂੰ ਸੁੱਖਾਂ ਪੂਰੀਆਂ ਕਰਨ ਲਈ ਵਰਤਦੇ ਹਾਂ ਨਾ ਕਿ ਅੰਤਹ ਕਰਨ ਨੂੰ ਸ਼ੁਧ ਕਰਨ ਲਈ।
* ਅਸੀਂ ਇਕ ਕਮਰੇ ਵਿਚ ਪੰਜ-ਪੰਜ ਅਖੰਡ ਪਾਠ ਰਖਵਾ ਕੇ ਗੁਰਬਾਣੀ ਦੀ ਬੇਅਦਬੀ ਕਰਦੇ ਹਾਂ ਤੇ ਜੇ ਕੋਈ ਹੋਰ ਗੁਰਬਾਣੀ ਦੇ ਬਾਰੇ ਗਲਤੀ ਨਾਲ ਕੁਝ ਕਹਿ ਦੇਵੇ ਤਾਂ ਉਸ ਦੇ ਗਲ ਪੈ ਜਾਂਦੇ ਹਾਂ।
* ਧਰਮ ਦੇ ਨਾਂ 'ਤੇ ਜੋ ਲੋਕ ਕੱਟੜਤਾ ਫੈਲਾਉਂਦੇ ਹਨ ਅਸਲ ਵਿਚ ਉਹ ਲੋਕ ਧਾਰਮਿਕ ਨਹੀਂ ਹੁੰਦੇ।
* ਔਰਤ ਤੇ ਮਰਦ ਦੇ ਰਿਸ਼ਤੇ ਵਿਚ ਜੇਕਰ ਦੂਰੀਆਂ ਬਣੀਆਂ ਰਹਿਣ ਤਾਂ ਵਕਤ ਦੇ ਨਾਲ ਉਹ ਰਿਸ਼ਤਾ ਪਿਆਰ ਵਿਚ ਬਦਲ ਜਾਂਦਾ ਹੈ ਪਰ ਜੇਕਰ ਦੂਰੀਆਂ ਇਕ ਦਮ ਤੈਅ ਹੋ ਜਾਣ ਤਾਂ ਉਹ ਰਿਸ਼ਤਾ 'ਕਾਮ' ਵਿਚ ਬਦਲ ਜਾਂਦਾ ਹੈ।
* ਸਫ਼ਲਤਾ ਨਾ ਮਿਲਣ ਦੀ ਸ਼ਕਲ ਵਿਚ ਇਹ ਕਹਿ ਦੇਣਾ ਕਿ ਇਹ ਸਭ ਕਿਸਮਤ ਦੇ ਹੱਥ ਵਿਚ ਹੈ ਬੰਦੇ ਨੂੰ ਸਚਮੁੱਚ ਹੀ ਸਕੂਨ ਦਿੰਦਾ ਹੈ ਅਤੇ ਆਪਣੇ ਵਿਚ ਘਾਟ ਮਹਿਸੂਸ ਨਹੀਂ ਹੋਣ ਦਿੰਦਾ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ।।

# पंजाब : सिक्खों का हिंदोस्तान को तोहफा

वैसाखी का अवसर न केवल सिक्खों, बल्कि सारे हिंदोस्तान के लिए बहुत महत्त्व रखता है। 29 मार्च, 1748 ई. वाले दिन सिक्खों ने गुरमता पास किया था कि वे किसी कीमत पर भी पंजाब को हिंदोस्तान से अलग न होने देंगे, बल्कि इसकी रक्षा के लिए बड़ी से बड़ी कुर्बानी देकर इसे हिंदोस्तान के लिए तोहफे के रूप में छोड़ जाएंगे। बड़े शोक की बात है कि आज (1946 ई. जब यह आलेख लिखा गया था) जबकि हिंदोस्तान के भविष्य के बारे में बड़े ज़रूरी फैसले होने वाले हैं, बहुत कम लोग ऐसे हैं जो विश्व-इतिहास के इस साके से अवगत हों। आम जनता, अखबारों के साधारण पाठक और सामूहिक रूप से इकठ्ठा होकर वोट देने वाले तो एक तरफ रहे, बड़े-बड़े सयाने, नीतिवेत्ता और अपने समय से कहीं आगे (भविष्य में) देख सकने वालों को भी इसका सही पता नहीं।

ਗੁਰਚਰਨ ਸਿੰਘ
ਸੀਨੀਅਰ ਵਾਇਸ ਪ੍ਰਧਾਨ
(ਹੈੱਡ ਕੁਆਰਟਰ)



आज सारे हिंदोस्तान की किस्मत पंजाब की किस्मत के साथ बंधी हुई है। इतिहास के उदय से ही यह बात इसी तरह रही है, चाहे इतिहास के कुछ विद्यार्थियों के अलावा बहुत कम लोग इसकी ऐतिहासिक पृष्ठभूमि से अवगत हैं। भौगोलिक नुकते से पंजाब हिंदोस्तान का हिस्सा है, मगर नसली नुकते से यह सदा से ही मध्य एशिया के ज्यादा नज़दीक रहा है। इसी लिए पंजाब का सारा पिछला और वर्तमान इतिहास इन दो विरोधी प्रभावों का प्रतिक्रम रहा है और यह सिक्खों की दूरदर्शिता के कारण ही है कि उन्होंने 1748 ई. में वैसाखी के शुभ अवसर पर महान प्रतिज्ञा कर पंजाब को सांस्कृतिक और राजनीतिक दृष्टिकोण से हिंदोस्तान का अखंड एवं अविभाज्य अंग बना दिया है।

यह बात अब हर तरह से सिद्ध हो चुकी है कि आज से हज़ारों वर्ष पहले पंजाब और उसके पड़ोसी क्षेत्रों में बहुत विचित्र एवं सभ्य लोग रहते थे। मुहंजोदारों के निवासी, जो बहुत ऊंची और जटिल सभ्यता के मालिक थे, परंतु उनकी राजसी एवं सामाजिक संस्थाओं का उन आर्य हिंदुओं की संस्थाओं के साथ कोई संयोग नहीं था, जो बाद में गंगा के मैदानों में ज्यादा ज़ोर पकड़ गई थीं। इस समय के बारे में इतनी बात ज़रूरी है कि उन दिनों पंजाब उन पश्चिमी इलाकों का एक अंग था जिनको सरस्वती दरिया शेष हिंदोस्तान से अलग करता था और हज़ारों वर्ष इसी तरह ही रहा।

ईसा से लगभग पांच सौ वर्ष पूर्व, पंजाब ईरान के किआनी साम्राज्य का हिस्सा था। शहंशाह दारा के फारस और नक्शीरुस्तम की चट्टानों पर जो शिलालेख उकेरे हुए हैं, उनमें गंधारवादी से परे के एक ऐसे इलाके का ज़िक्र आता है जो सबसे ज्यादा आबाद और ज़रखेज़ था। बीस बिसवे, इससे मुराद सिंध और पंजाब के कुछ हिस्से ही हैं। अभी तक्षशिला की खुदाई में ईरानी प्रभावों वाला एक शिलालेख निकला है, जिसे किसी ईरानी सरदार नेउकराया था। इसकी तारीख ईसा से तीन सौ वर्ष पहले की है और यह अरमीनिआ लिपि में लिखा हुआ है। यह अरमीनी आलेख खरोष्टी लिपि के जन्म से संबंध रखने के कारण हमारे लिए विशेष महत्ता रखता है। यह आलेख सिद्ध करता है कि खरोष्टी लिपि का जन्म और विकास पंजाब में ही हुआ, क्योंकि खरोष्टी ईरानी राज्य के पंजाब के एक प्रांत का नाम था। इसके अलावा अशोक के बहुत से शिलालेख, जो इन क्षेत्रों में मिलते हैं, खरोष्टी लिपि में लिखे गए हैं, खरोष्टी में से ही लंडे निकले हैं जिनमें उत्तरी हिंदोस्तान के बनिया-महाजन अपना व्यापार चलाते हैं। कई लोगों का ख़्याल है कि इन लंडों में से ही उन सिक्खों की पवित्र लिपि 'गुरमुखी' निकली है, जिन्होंने पंजाब को बचा कर हिंदोस्तान को तोहफे के रूप में दिया है।

ईसा से 326 वर्ष पूर्व प्रसिद्ध यूनानी विजेता सिकंदर ने ईरान के पुराने साम्राज्य को अलग-थलग कर पंजाब की तरफ चढ़ाई कर दी थी। उत्तरी-पश्चिमी हिंदोस्तान की इस विजय की कहानी इतनी प्रसिद्ध है कि इसे दोहराने की ज़रूरत नहीं। यह बात भी सभी जानते हैं कि उत्तरी-पश्चिमी हिंदोस्तान को यूनानी साम्राज्य के साथ पक्की तरह से जोड़ने के लिए सिकंदर अपने पीछे बस्तियां और फौज छोड़ गया था। इस प्रकार कुछ समय पंजाब को यूनानियों के कब्ज़े में रहना पड़ा।

चंद्रगुप्त मौर्य के ज़माने में यूनानी फौज को सिंधु नदी के पार

धकेल कर तक्षशिला और पंजाब की कई रियासतों को मगध साम्राज्य में मिला लिया गया था। ईसा के जन्म से 305 वर्ष पूर्व यूनानी सरदार सेल्यूकस ने पंजाब को जीत कर फिर यूनानी साम्राज्यका हिस्सा बनाने की कोशिश की, परंतु उसकी चंद्रगुप्त के हाथों हार हुई और उसे अपमान वाला अहदनामा करना पड़ा, जिसके अनुसार हिंदुकुश पर्वत के पैरों तक सारे इलाके चंद्रगुप्त को मिल गए। यह बात सबसे पहले चंद्रगुप्त को ही सूझी कि पंजाब पर कब्ज़ा कायम रखने के लिए पंजाब की प्राकृतिक सरहदों अर्थात् हिंदुकुश पर कब्जा रखना ज़रूरी है और इस बात में किस्मत ने उसकी मदद भी की। पूरे दो हज़ार वर्ष बाद सिक्खों ने एक बार फिर यही बात महसूस की कि जब तक हिंदुकुश सरहदी पहाड़ों पर कब्ज़ा नहीं किया जाता, पंजाब को सुरक्षित रखना संभव नहीं। भारतीय इतिहास के विद्वान जानते हैं कि सरहदी दरिया के हाथों से निकल जाने के कारण कैसे मध्य एशिया में से हमलावरों के काफिले हिंदोस्तान में आते रहे हैं। आरंभ से ही पंजाबी हिंदोस्तान से कहीं ज्यादा बढ़ कर मध्य एशिया के निवासियों के प्रभाव तले रहे हैं।

ईसा से 231 वर्ष पहले अशोक की मृत्यु के बाद मगध साम्राज्य टूटना आरम्भ हो गया और नये सिरे से बख्तर देश के निवासियों ने पंजाब पर हमले शुरू कर दिए। ये हमलावर उन यूनानियों की औलाद थे जिनको सिकंदर बख्तर में आबाद कर गया था और पंजाब के यूनानी नौ-आबादों के विपरीत थे, जिन्होंने बख्तर में अपनी जड़ें पक्की कर ली थीं। चाहे सिकंदर की जीत ने पंजाब पर कोई पक्का प्रभाव नहीं छोड़ा था, फिर भी पंजाब के पड़ोस में वह कुछ ऐसी यूनानी बस्तियां आबाद कर गया था, जो पंजाब को यूनानी सभ्यता और कला के प्रभाव में बांधने के यत्न में रहीं।

हिंदोस्तान के उत्तरी-पश्चिमी इलाके में यूनानियों का राज्य और प्रभाव एक सदी के करीब रहा। इसके बाद उनको शक जाति के लोगों की बाढ़ बहा कर ले गई। ये शक लोग ईरान के सूबे सिस्तान में बड़ी देर से आबाद थे और उनका खून ईरानी खून के साथ मिल चुका था। सिस्तान से उठ कर ये लोग पंजाब और उसके पड़ोसी मुल्कों पर छा गए। अब साबित हो चुका है कि शकों का राज्य ज्यादा देर तक उत्तरी-पश्चिमी हिंदोस्तान पर यमुना के किनारे तक रहा है।

इसी अरसे में एक चीनी कौम काबुल की वादी में आकर आबाद हो गई थी। ये लोग, जिनको चीनी यूह-चेह कहते हैं, उत्तरी- पश्चिमी चीन में से ईसा से 170 वर्ष पूर्व निकाल दिए गए थे। पहले इन्होंने बख्तर को मारा, फिर ये काबुल की वादी पर कब्ज़ा कर उत्तरी हिंदोस्तान के मैदानों पर छा गए। यह बात साठ या सत्तर सन्न ईस्वी की है, जब कुशानों का मशहूर बादशाह कजूल तक्षशिला की राज्य-गद्दी पर बैठा था। इन कुशानों में से सबसे मशहूर और तगड़ा बादशाह कनिष्क हुआ है और उसके बाद वासुदेव। कनिष्क ने पुरशपुर (आजकल का पेशावर) को अपनी राजधानी बनाया था और मध्य एशिया से लेकर बंगाल की सरहदों तक अपना राज्य कायम कर लिया था। उसके बाद सिक्खों ने पुरशपुर को पिशौर का नाम देकर अपनी उप-राजधानी बनाया।

वासुदेव की मृत्यु तीसरी सदी ईस्वी में हुई, जिसके बाद कुशानों की ताकत कम हो गई, भले ही ये लोग पंजाब में होण (हुंन) जाति के हमले तक अड़े रहे। होणों के हमलों ने न केवल कुशानों की ताकत को ही खत्म किया, बल्कि उत्तरी-पश्चिमी हिंदोस्तान में बुद्ध धर्म को भी समाप्त कर दिया। इन होणों का केंद्र दरिया जेहूं के किनारे पर था। इनके कंधे चौड़े, नाक चपटी, आंखें छोटी-छोटी और गहरी थीं। खोदे होने के कारण ये मर्दाना या बुढ़ापे की शान से वंचित अथवा खाली ही थे। इनका जन्म भी बड़ा रहस्यमयी बताया जाता है। कहते हैं कि सीरिया देश में से कुछ चुडेलों को उनके बुरे व्यवहार के कारण निकाल दिया गया था और वे रेगिस्तान में आ बसी थीं, जहां उन्होंने भूत-प्रेतों के साथ संभोग-संयोग किया और ये होण उसी संयोग की उपज है। मेहरगुल होण का सबसे प्रसिद्ध नेता था। पहाड़ों की चोटी पर से बड़े-बड़े हाथियों को गिरा कर उनकी चिंघाड़ों को सुन कर खुश होना इसका सबसे बड़ा मनपसंद शुगल था। शायद इसीलिए 528 ईस्वी में हिंदोस्तानी राजाओं ने बगावत कर उसे तख्त से उतार दिया था, परंतु ये 'होण' शायद पंजाबियों की हिम्मत से इतनी जल्दी खत्म न हो जाते अगर मध्य एशिया में तरुकश जातियों की बढ़ती ताकत इनके केंद्रों को उजाड़ न देती।

इसके बाद लगभग चार सदियों का अंतराल आ जाता है, जब सरहद के पार की कौमें और छोटे-मोटे सरदार पंजाब को लूटते- मारते रहे हैं। इस समय मध्य-एशिया में तुकों की ताकत बहुत बढ़ गई थी और इसलाम के बढ़ते प्रचार ने इनको मुसलमान बना लिया था। इनमें से महमूद गजनवी ने पंजाब पर अनेक हमले किये और देश को बुरी तरह से उजाड़ा। उसने लाहौर पर कब्ज़ा कर लिया। कांगड़ा तथा थानेसर के मंदिरों को गिरा कर लूट

लिया और पंजाब को अपनी सलतनत का हिस्सा बना लिया। इसके बाद आने वाले हिंदोस्तान के पंजाब पर मुसलमानी राज्य की कहानी इतनी प्रसिद्ध है कि उसके बारे में विवरण देने की ज़रूरत नहीं। जब मुहम्मद गौरी ने पानीपत के मैदान में आखिरी हिंदू बादशाह को पराजय दी जिससे हिंदोस्तान पर नित्य नये मुसलमानी हमलों का खात्मा हो गया, तो मुसलमानों ने ठाठ से हिंदोस्तान में राज्य करना शुरू किया। इसके बाद लगातार साजिश, कत्ल तथा बगावत का दौर शुरू हुआ और दिल्ली के तख़्त ने कई बार हाथ बदले। अंत में मुगलों ने दिल्ली के तख़्त पर पक्का कब्ज़ा कर लिया। धीरे-धीरे उनका राज्य बढ़ने लगा और औरंगजेब के मरते समय तक लगभग सारे हिंदोस्तान पर छा गया। इस सारे मुसलमानी समय में पंजाब सदा हिंदोस्तानी सभ्यता से अलग और दूर-दूर ही रहा।

अब हमें सन् 1729 ई. में आ जाना चाहिए, जब मुगल साम्राज्य पिघलना शुरू हो गया था और फिर खैबर के पार विदेशी हमले होने लग गए थे। इन हमलों ने एक बार फिर फैसला करना था कि पंजाब ने हिंदोस्तान का अविभक्त अंग रहना है या फिर मध्य एशिया के राजसी भूकंप की लपेट में आना है। यह वही वर्ष है जब नादिर शाह तूफान की तरह पंजाब, सरहिंद और दिल्ली के प्रांतों पर हमलावर बन आया और जब उसने पंजाब को हिंदोस्तान से अलग कर अपने मध्य एशियाई साम्राज्य के साथ गांठने का फैसला किया था। श्री गुरु गोबिंद सिंघ जी के बाद सिक्खों के पहले नेता बाबा बंदा सिंघ बहादुर को शहीद हुए अभी पच्चीस वर्ष ही हुए थे कि सिक्खों की खुशकिस्मती से उनको फिर नवाब कपूर सिंघ, सरदार बाघ सिंघ तथा सरदार जस्सा सिंघ आहलूवालिया जैसे योद्धा और सयाने नेता मिल गए थे। इन्होंनेझटपट ही नादिर शाह के हमले की मंशा को भांप लिया और खालसे को हर तरह की कुर्बानी देने के लिए ललकारा, तांकि हमलावर के दिल्ली में पैर न लग सकें और न ही वह पंजाब को बाकी के हिंदोस्तान से काट कर अलग कर सके। यह मान कर सिक्खों ने अटक दरिया के किनारे तक नादिर शाह की लौट रही फौज का पीछा किया और हिंदोस्तान की हज़ारों मासूम लड़कियों एवं लड़कों को हमलावरों के पंजे से आज़ाद कराया, जिनको वे काबुल और कंधार के बाज़ारों में गुलाम बना कर बेचने के ख़्याल से ले जा रहे थे। इसके चालीस वर्ष बाद मिस्टर फारस्टर ने अपने 'सफरनामे' में इस साके (शौर्य-गाथा) की तरफ इशारा करते हुए लिखा है- 'जब नादिर शाह की फौज गनीमत (लूट का माल) से लदी हुई दिल्ली से वापिस लौट रही थी तो सिक्ख घुड़सवारों ने उन पर हमला बोल दिया।' अहमद शाह बटालवी, जिसने अपना इतिहास उन्नीसवीं सदी के आरंभ में लिखा है, नादिर शाह और शाही वायसराय, ज़करिया खान के मध्य सिक्खों के बारे में हुई बातचीत इस तरह देता है :-

**नादिर - क्या इस देश में कुछ और फसादी लोग भी थे?**

**ज़करिया** - नहीं, सिवा... फकीरों (सिक्खों) के एक टोले के, जो साल में दो बार अमृतसर के पवित्र ताल में स्नान करने के लिए जमा होते हैं।

**नादिर - वे रहते कहां हैं?**

**ज़करिया** - वे अपने घोड़ों की काठी पर रहते हैं।

**नादिर** - पुत्र! होशियार रहना। बहुत संभव है कि किसी दिन ये लोग देश के राजाबन जाएं।

नादिर शाह के ईरान लौटने के बाद लाहौर के गवर्नर, खास कर ज़करिया खान और उसके जानशीनों ने सिक्खों को चुन-चुन कर मारना शुरू किया। इसी अरसे में 9 जून, 1747 ई. वाले दिन नादिर शाह मारा गया और उसके सबसे सयाने जरनैल अहमद शाह अब्दाली ने ताकत संभाली। उसने काबुल के मुगल गवर्नर को मार भगाया और पिशौर तक चला गया। यहां बैठ कर शेष रहते हिंदोस्तान को लूटने और पंजाब को उससे काट कर अपने साम्राज्य का हिस्सा बनाने के सपने देखने लगा। सन् 1747 ई. के दिसंबर में उसने पहले हमला किया और 8 जनवरी, 1748 ई. को वह लाहौर पहुंच गया। अब्दाली ने शहर के बाहरी हिस्सों विशेषत: मुगलपुरा को लूट लिया और शेष शहर को 30 लाख रुपए नज़राना लेकर छोड़ा। आने वाले संघर्षों में अब्दाली को किस्मत ने हार देनी शुरू की और मनूंपुर के गांव के समीप मुगल वायसराय के छोटे पुत्र मुईनल मुल्क ने पठान हमलावर को पराजय दे दी। इस तरह से पंजाब मुगल साम्राज्य के लिए बच गया, परंतु गाफिल मुगलों ने न ही इस फतह का कुछ फायदा उठाया और न ही अब्दाली के हमले की महत्ता को समझा। अब्दाली वापिस लौट गया और मुगल सतलुज के किनारे जश्न मनाते रहे। सिक्खों ने और ज्यादा चेतनता से काम लिया। उन्होंने फैसला किया कि हार खाकर भाग रहे दुर्रानी को पंजाब में से सूखा नहीं गुज़रने देंगे। सिक्खों ने झनां दरिया तक उसका पीछा किया ताकि उसे अपने बाहुबल का थोड़ा-सा चमत्कार दिखा दें, जिससे आने वाली सर्दी में अब्दाली काफिर वास्ता पड़ना था। सिक्ख जत्थेदारों की दूरदर्शिता ने समझा कि अब्दाली का यह

हमला आखिरी हमला नहीं था। साथ ही वे यह भी जानते थे कि उस समय दुनिया में कोई ऐसी ताकत नहीं थी जो अब्दाली को पंजाब को हिंदोस्तान से अलग कर पठानी साम्राज्य के साथ जोड़ने से रोक सके। उस समय सिक्ख 65 जत्थों में बंटे हुए थे। प्रत्येक का अलग सरदार था और हर एक साझे काम के लिए कुर्बानी करने को तैयार था। 29 मार्च, सन् 1748 वैसाखी वाले दिन, जब सिक्ख श्री अमृतसर साहिब इकट्ठा हुए तो उन्होंने एक गुरमते के माध्यम से सिंघ साहिब, महान जत्थेदार, सुलतान-उल-कौम, नवाब, सरदार जस्सा सिंघ आहलूवालिया की कमान तले एकजुट हो जाने का फैसला किया। सिक्खों की इस साझी फौजी जत्थेबंदी का नाम 'दल खालसा' पड़ा। इस जत्थेबंदी का मुख्य उद्देश्य यह था कि किसी विदेशी हमलावर को उत्तरी-पश्चिमी दरिया में से गुजर कर पंजाब पर राजनीतिक कब्जा न करने दिया जाए, क्योंकि पंजाब के हाथ में आने से उसके लिए हिंदोस्तान पर कब्जा करना आसान हो जाएगा और वह रसातल में जा रहे मुसलमानी साम्राज्य को सहारा देकर फिर खड़ा कर सकेगा। इस उद्देश्य की पूर्ति के लिए सिक्खों ने जो कुर्बानियां और संघर्ष किए वे किसी से छिपे नहीं। यह भी स्पष्ट है कि कैसे इन थोड़े-से बहादुर लोगों ने अपनी बुद्धिमता और दिलेरी के साथ दो पीढ़ियों के बाद उत्तरी-पश्चिमी हिंदोस्तान पर मध्य एशिया की तरफ से होने वाले विदेशी हमलों को सदा के लिए रोक दिया। 16 मई, 1765 ई. वाले दिन सिक्खों ने पहला 'गोबिंदशाही' सिक्का चालू किया, जिस पर यह लिखा था... देगो तेगो फतहि नुसरति बे-दरंग। याफ्त अज़ नानक गुरू गोबिंद सिंघ।

बाद में महाराजा रणजीत सिंघ के ज़माने में इस सिक्के का नाम 'नानकशाही' कर दिया गया।

कैसे जुल्म और सितम की आग में से निकल कर सिक्ख स्वराज की ऊंचाई पर पहुंचे, यह बात मानवीय इतिहास की दिल दहला देने और आत्मा को जगाने वाली गाथाओं में विशेष स्थान रखती है। 1749 ई. में सबातुद्दीन बेग और मुहम्मद नाजर बेग दो तुर्क सैलानी लाहौर पहुंचे थे। उन दिनों सिक्खों पर जुल्म पूरे ज़ोरों पर था। इन तुर्कों ने लाहौर के गवर्नर को 8 और 9 वर्ष की उम्र के दो तुर्क बच्चे पेश किए थे। उस जमाने के तुर्की और मुगलई रस्मों के जानकारों को पता है कि 'क्यों'। इन दो तुर्क बच्चों में से एक का नाम तहिमासप मिसकीन था, जो बाद में बहुत तरक्की कर गया। सन् 1782 में इसने पंजाब के हालात के बारे में रिपोर्ट लिखी। यह हस्तलिखित आजकल विलायती अजायब घर लंदन में पड़ी है। इसका नंबर 8807 है। इसमें इस तरह लिखा है :-

'लाहौर के गवर्नर ने अपने बहुत-से तोपचियों को सिक्खों को खत्म करने के लिए नियत किया। ये लोग अट्ठाईस-अट्ठाईस कोस तक सिक्खों का पीछा करते थे और जहां भी सिक्ख उनका मुकाबला करते उनको कत्ल कर देते थे। यदि कोई सिक्खों का सिर काट कर लाता था, उसे दस रुपए प्रति सिर मूल्य मिलता था। यदि कोई किसी सिक्ख का घोड़ा छीन लाता था तो उसे वह घोड़ा इनाम में दिया जाता था। यदि सिक्ख के साथ लड़ते-लड़ते किसी का घोड़ा खोजाता या मर जाता तो, उसे सरकारी अस्तबल में से नया घोड़ा मिल जाता था।'

यह लिखना गलत न होगा कि सिक्खों के सिरों का मूल्य घटता-बढ़ता रहता था और कई बार मूल्य अस्सी-अस्सी रुपए तक चढ़ जाता था। विशेष रूप से दिल्ली के शहंशाह फरुख्सियर के ज़माने में सिक्खों के सिर की कीमत बहुत बढ़ गई थी। सिक्खों को यह सब मूल्य पंजाब को मध्य एशियाई गुलामी और प्रभाव से बचाने तथा हिंदोस्तान के साथ जोड़े रखने के लिए अदा करना पड़ा। अगर सिक्ख न होते तो आज पंजाब काबुल का सूबा होता और सदियों से सांस्कृतिक तथा राजनीतिक रूप से हिंदोस्तान से अलग और दूर रहता। अगर सिक्खों का सपना पूरा हो जाता तो तिब्बत के पर्वत और हिंदूकुश से पार की वादी भी आज हिंदोस्तान का हिस्सा होती और सुघड़ राजनीतिज्ञ जानते हैं कि हिंदोस्तान के बचाव के लिए इसका हिंद के कब्ज़े में होना कितना ज़रूरी है।

आलेख को खत्म करने से पहले मैं अपने समकालीन इतिहासकार प्रोफेसर हरी राम गुप्ता की लिखित में से एक हिस्सा देता हूं। वे लिखते हैं :-

'सिक्खों ने पंजाब के लिए योद्धाओं का देश का काबिल-ए-रश्क नाम जीता है और सिक्खों को ही इस बात का फख्र हो सकता है कि उन्होंने विदेशी हमलावरों के आगे छाती तान कर उनको रोका है। वे हमलावर, जो पिछले हज़ारों साल से बाढ़ की तरह उत्तरी- पश्चिमी दरिया में से दाखिल होते रहे हैं, इसलिए उत्तरी हिंदोस्तान के लोगों, खास कर पंजाबियों को सिक्खों का शुक्रगुजार होना चाहिए।'

**रचना**

**सिरदार कपूर सिंघ ( दिवंगत )**

* * * * *

**APPLICATION ARE INVITED UP TO 31-01-2024 FROM ELIGIBLE CANDIDATES**

Application Regd. No.__________

# BABA MAKHAN SHAH LOBANA FOUNDATION (REGD.)

**Sector-30-A, Chandigarh-160030 Phone: - 0172-2657340**

Affix Passport Size Photo

# APPLICATION FORM

**Merit, Merit Cum-Means Scholarship for**
**Academic Year-202___**

1. Name of Applicant______________________________________________________
   (In Block Letters)
2. i) Father's Name:- ______________________________________________________________
   ii) Mother's Name: - _________________________________________________________
   ii) Occupation ________________________________________
3. Caste _______________________________________________
4. Address for Correspondence :- Village :- ____________________ Post office :- ______________________
   Police Station:-__________________ Tehsil :-_________________________________
   Distt-:-__________________ Pin Code: ________________
5. Permanent Address :-___________________________________________________________________
   Contact No. - Mobile: ______________________ STD Code: - ___________Landline No.____________
   E-mail-__________________________________________________________
6. Class in which studying________________________________________________
7. Past performance and merit in the school/board/ university:

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Mark Sheet) |
| | | | | Indicate Board/University Examination only (Attach Mark Sheet) |
| | | | | For Merit Scholarship only. (85% and above marks) |

8. Were you granted scholarship last year : Yes/No

If Yes, Amount of Scholarship received (last year) _____________ Class ___________

9. i) Annual income of Parents/ Guardians in Rs. _____________ p.a.

ii) Attach income certificate from the employer (mandatory)

iii) Land holding to be verified by revenue officer from his office record.

iv) Income verified by the Sarpanch and counter signed by BDPO/ Executive Committee Member of BMSL Chandigarh

10. Signatures a) Student: ____________________ dated __________

b) Father-Guardian ________________ dated __________

11. Name of the Bank_________________________________________ Place:-____________________

Account Holder's Name ______________________________________________________________

Bank Account No. ______________________________________IFSC Code: - ____________________

12. Identity Document: - Aadhaar Card/Election Card/Ration Card

Note: - List of documents to be attached with application:-

I) Self attested photocopy of mark sheet

ii) Self attested any other educational document, if any

13. Certificate of the Head of the institution :

Certified that the applicant is a regular student of class _____________ in this school/ college and particulars as shown above are correct

Place: - Signature _________________

Dated: - Name ____________________

Designation Stamp/Seal

1. Certify that the above facts stated are correct & true to my knowledge.

Recommended by the Executive Committee Member of the region with designation, address and Membership Number of BMSL, Chandigarh.

Official seal

Signature ___________________

Name in capital letters

## FOR OFFICE USE ONLY

i) Date of application received _________________________

ii) No. of enclosures with the application ________________

iii) Completion/ correctness of the applicant

Verified by Manger

iv) Signature of the Convener

**Manager** **Convener**

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਰਿਟ-ਕੰਮ ਮੀਨਜ ਸਕਾਲਰਸ਼ਿਪ ਸਕੀਮ ਦੇ ਨਿਯਮ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) , ਚੰਡੀਗੜ੍ਹ 1996 ਤੋਂ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕਰ ਰਹੀ ਹੈ । ਫਾਊਂਡੇਸ਼ਨ ਦੀ ਸਲਾਨਾ ਆਮਦਨ ਦਾ 10 ਵਾਂ ਹਿੱਸਾ ਲੋਕ ਭਲਾਈ ਲਈ ਵਰਤਿਆ ਜਾਂਦਾ ਹੈ । ਇਸ ਦੇ ਨਾਲ-ਨਾਲ ਫਾਊਂਡੇਸ਼ਨ ਵਲੋਂ ਜਦੋਂ ਵੀ ਵਿਦਿਆਰਥੀ ਆਪਣੀ ਕੋਚਿੰਗ, ਟਰੇਨਿੰਗ ਅਤੇ ਸੈਮੀਨਾਰ ਲਈ ਚੰਡੀਗੜ੍ਹ ਆਉਂਦੇ ਹਨ, ਉਨ੍ਹਾਂ ਨੂੰ ਬਹੁਤ ਹੀ ਘੱਟ ਰੇਟ ਤੇ ਰਹਿਣ ਦੀ ਸੁਵਿਧਾ ਦਿੱਤੀ ਜਾਂਦੀ ਹੈ । ਵਰਤਮਾਨ ਸਮੇਂ ਵਿਚ ਹਰ ਸਾਲ ਲਗਪਗ 80 ਤੋਂ 90 ਵਿਦਿਆਰਥੀ ਫਾਊਂਡੇਸ਼ਨ ਵਲੋਂ ਦਿੱਤੀ ਜਾ ਰਹੀ ਇਸ ਸਹੂਲਤ ਦਾ ਲਾਭ ਲੈ ਰਹੇ ਹਨ ਜਿਸ ਦੇ ਵਿਚ ਪੇਂਡੂ ਇਲਾਕੇ ਦੇ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਂਦੀ ਹੈ ਅਤੇ ਕਿਸੇ ਵੀ ਜਾਤੀ ਧਰਮ ਦੇ ਵਿਦਿਆਰਥੀ ਨੂੰ ਇਹ ਲਾਭ ਦਿੱਤੇ ਜਾਂਦੇ ਹਨ ।

ਮੈਰਿਟ-ਕੰਮ-ਮੀਨਜ ਸਕਾਲਰਸ਼ਿਪ :- ਮੈਰਿਟ-ਕੰਮ-ਮੀਨਜ ਸਕਾਲਰਸ਼ਿਪ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਬੋਰਡ ਅਤੇ ਯੂਨੀਵਰਸਿਟੀ ਦੀ ਪ੍ਰੀਖਿਆ ਵਿਚ 75% ਅੰਕ ਪ੍ਰਾਪਤ ਕਰਦੇ ਹਨ । ਸਕਾਲਰਸ਼ਿਪ ਨੌਵੀਂ ਤੇ ਦੱਸਵੀਂ, ਗਿਆਰਵੀਂ, ਬਾਰ੍ਹਵੀਂ ਅਤੇ ਹਰ ਪ੍ਰਕਾਰ ਦੀ ਅਕਾਦਮਿਕ ਯੋਗਤਾ ਅਤੇ ਕਿੱਤਾ ਮੁੱਖੀ ਪੇਂਡੂ ਤੇ ਸ਼ਹਿਰੀ ਵਿਦਿਆਰਥੀਆਂ ਦੇ ਅਧਾਰ ਤੇ ਦਿੱਤੇ ਜਾਂਦੇ ਹਨ ।

ਮੈਰਿਟ ਕੰਮ ਮੀਨਜ ਸਕਾਲਰਸ਼ਿਪ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਜਿਹੜੇ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨ :-

ੳ) ਸਕਾਲਰਸ਼ਿਪ ਭਾਰਤ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਂਦੇ ਹਨ ।

ਅ) ਸਕਾਲਰਸ਼ਿਪ ਫਾਰਮ ਚੰਗੀ ਤਰ੍ਹਾ ਭਰ ਕੇ ਰਿਜਨਲ ਪ੍ਰਧਾਨਾਂ ਦੇ ਦਸਖਤਾਂ ਰਾਹੀਂ 31-01-2024 ਤੱਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਦਫਤਰ ਵਿਚ ਪਹੁੰਚ ਜਾਣੇ ਚਾਹੀਦੇ ਹਨ ।

ੲ) ਇਕ ਘਰ ਵਿਚ ਇਕ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ਅਤੇ ਦੂਜੇ ਬੱਚੇ ਦੇ ਸਕਾਲਰਸ਼ਿਪ ਲਈ ਸਕਾਲਰਸ਼ਿਪ ਕਮੇਟੀ ਫੈਸਲਾ ਲਵੇਗੀ ।

ਸ) ਪੇਂਡੂ ਇਲਾਕੇ ਵਿਚ 70% ਅਤੇ ਸ਼ਹਿਰੀ ਇਲਾਕੇ ਵਿਚ 75% ਅੰਕ ਹੋਣ ਵਾਲੇ ਵਿਦਿਆਰਥੀ ਨੂੰ ਹੀ ਸਕਾਲਰਸ਼ਿਪ ਦਿੱਤਾ ਜਾਵੇਗਾ ।

ਹ) ਸਕਾਲਰਸ਼ਿਪ 12 ਮਹੀਨੇ ਲਈ ਦਿੱਤਾ ਜਾਂਦਾ ਹੈ ਜਿਵੇਂ ਕਿ ਬਾਰ੍ਹਵੀਂ ਤੱਕ ਅਪ੍ਰੈਲ ਤੋਂ ਲੈਂ ਕੇ ਮਾਰਚ ਤੱਕ ਅਤੇ ਬਾਕੀ ਜੁਲਾਈ ਤੋਂ ਲੈ ਕੇ ਜੂਨ ਤੱਕ ।


ਕ) ਹਰ ਸਾਲ ਧਿਆਨ ਨਾਲ ਨਵੇ ਫਾਰਮ ਭਰ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਦਫਤਰ ਵਿਚ ਜਮਾ ਕਰਵਾਏ ਜਾਣ।

# GRANT OF MERIT, MERIT-CUM-MEANS SCHOLARSHIP SCHEME 2023-24

| Sr No | Sub Sr. No. | Board Or University In Which Studying | Courses & Class | Min Pass % age | Annual Income Parents/ Guardian | No. of Scholarship | Amt. of Scholarship (In Rs.) (PM) |
|---|---|---|---|---|---|---|---|
| 1 | A | . | $9^{th}$ & $10^{th}$ (Based on the result of $8^{th}$ Class) | 75% | 3 Lac | 30 | Rs. 500/- |
| 2 | B | Matric (Board Exam) | 10+1 & 10+2, I.T.I., Nursing Certificate, Craft Certificate or equivalent | 75% | 3 Lac | 30 | Rs. 500/- |
| | C | Senior Secondary | B.Sc/B.A/B.Com (I, II&III), B.C.A., B.B.A. (I, II&III), B.Sc Agriculture/Nursing, Poly Tech Diploma, B. Pharmacy, Nursing Diploma, Health care/Fashion Design / B.A. LLB 5 years, Finance/ Hotel management (Diploma) or equivalent | 75% | 3 Lac | 20 | Rs. 600/- |
| | D | B.A./B.sc/ B.Com (University) | M.Sc.,MA/ M.Com (I&II), B.Ed, L.L.M, M.B.A., M.C.A., Hotel Mgt (Degree), P.G.D.C.A., Computer Sc. Programme, M Pharmacy, M.Ed, M.Sc Nursing | 75% | 3 Lac | 10 | Rs. 1000/- |
| | E | Senior Secondary* (Board Exam) and subsequent semester | B.E. - (I to iV), IIT, BVSC, AH, BE/B.Tech, (I to IV), IIT, BDS, MBBS ,BAMS, BHMS, or selected in Entrance test | 75% | 3 Lac | 10 | Rs. 1,500/- |
| | F | Graduation Degree * | M. Tech., I.I.M. * selected in entrance test of Professional courses. | 75% | 3 Lac | 5 | Rs. 1,500/- |
| 3 | A | Misce-Laneous Compassion Basis | Wards of Soldiers died in War/ Insurgency against militancy and handicapped Parents/ Students (to be decided by the Committee). | --- | ----- | Lump Sum | Rs. 10,000/- |



# MATRIMONIAL



SEEKING MATCH FOR SIKH LOBANA, 13 APRIL 1999 BORN, 5'6'' MANHANI GOTRA B.COM-HONOURS IN ECONIMICS, M.COM-ACCOUNTING AND FINANCE, PURSUING B. ED FROM PU PREPARING FOR COMPETITVE EXAMS (UGCNET AND JRF). FAMILY FATHER SR. INSPECTOR AUDITOR IN HR. GOVT., MOTHER TEACHER YOUNGER BROTHER PURSUING 5 YRS. LAW FROM PU, CHD, RESIDENCE AT PANCHKULA. LOOKING FOR WELL EDUCATED AND UNDERSTANDING, OPEN MINDED PERSON AND IS WILLING TO RECIPROCATE THE SAME LOVE AND AFFECTION. A PERSON SHOULD RESPECT MY FAMILY VALUES AND TRADITIONS. CONTACT: F-9915965417, M-7888345304, 9876450235

* * * * *

SEEKING MATCH FOR LOBANA SIKH BOY 6 FT, 1993 BORN, B. TECH, MANAGER IN PUNJAB NATIONAL BANK, CONTACT 9466826356

* * * * *

SUITABLE RAMGARHIA OR LUBANA BEAUTIFUL SLIM MATCH FOR PGD CSC, FEB 1996/5'-11'' CANADA PR BOY, PARENTS AMRITDHARI, FROM MOHALI AND GAZZETTED PUNJAB GOVT. OFFICERS. CONTACT – 9888010933

* * * * *

SUITABLE LUBANA BEAUTIFUL SLIM AND HIGHLY EDUCATED MATCH FOR B.TECH. MS, APRIL 1997/ 5'6'' CANADA PR BOY, FATHER RETIRED AS DY DEO AND MOTHER WORKING AS LECTURER. CONTACT – 9876170933

* * * * *

SEEKING MATCH FOR 26 YRS LOBANA BOY, HEIGHT 6'1", EDUCATION – B. TECH IN CIVIL ENGINEERING FROM PEC CHANDIGARH, M.E. STRUCTURE ENGINEERING FROM CARLETON UNIVERSITY CANADA, CURRENTLY WORKING AS A STRUCTURE ENGINEER IN CANADA, CURRENT RESIDENCE SUDBURY CANADA. PERMANENT RESIDENCE IN PANCHKULA (HR), CONTACT ON WHATSAPP – 6280045394

* * * * *

LOOKING FOR AN EDUCATED AND BEAUTIFUL BRIDE FOR CANADA SETTLED BOY, 1994 BORN, HEIGHT 6”, FROM MOHALI-PB, EDUCATION MBA AND MASTER IN BUSINESS FROM CANADA, FAMILY – FATHER RETD. FROM GOVT. OF PUNJAB, SISTER HAPPILY MARRIED. GIRL WILLING TO SETTLE IN CANADA AFTER MARRIAGE OR ALREADY RESIDING AT CANADA. CONTACT 9988513281, 7973096844

* * * * *

LUBANA SIKH BOY..... DEC'92, 5.11FT BE MBA DY MANAGER FOREIGN BASED MNC @ DELHI NCR, REQUIRED....SAME QUALIFICATIONS QUALIFIED GIRL .... FOR FURTHER CHAT.... 9417145424, 8360907886.

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਦਸੰਬਰ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ. | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 2. | ਸ੍ਰ: ਮਨਪ੍ਰੀਤ ਸਿੰਘ<br>ਪਿੰਡ ਖਰਾਬਗੜ੍ਹ, ਡੀ. ਪਟਿਆਲਾ। | 172* | 400/- | 30.11.2023 |
| 3. | ਸ੍ਰ: ਸੁਰਿੰਦਰ ਸਿੰਘ ਚੌਧਰੀ<br>80, ਮੁਨੀਰਕਾ ਵਿਹਾਰ, ਨਿਊ ਦਿੱਲੀ।<br>(ਸਵਰਗਵਾਸੀ ਧਰਮ ਪਤਨੀ ਦੀ ਨਿੱਘੀ ਯਾਦ ਵਿੱਚ ਭੇਂਟ ਕੀਤੇ।) | 189 | 25000/- | 28.12.2023 |
| 4. | ਸ੍ਰ: ਅਮਰਜੀਤ ਸਿੰਘ<br>ਸਪੁੱਤਰ ਸ੍ਰ: ਗਿਆਨ ਸਿੰਘ ਮੁਲਤਾਨੀ, 42, ਸੈਕਟਰ-16, ਚੰਡੀਗੜ੍ਹ।<br>ਸ੍ਰ: ਗਿਆਨ ਸਿੰਘ ਮੁਲਤਾਨੀ, ਸਾਬਕਾ ਸੀ:ਵਾਇਸ ਪ੍ਰਧਾਨ (ਹੈ.ਕੁ.)<br>ਦੇ ਪਰਿਵਾਰ ਵਲੋਂ ਅੰਤਮ ਕੀਰਤਨ ਅਰਦਾਸ ਦੀਆਂ ਭੇਟਾਂ। | 190 | 21000/- | 28.12.2023 |
| 5. | ਸ੍ਰੀ ਐਸ.ਡੀ. ਕੁਮਾਰ<br>ਮ. ਨੰ: 579, ਮੋਤਾ ਸਿੰਘ ਨਗਰ, ਜਲੰਧਰ। | 173 | 500/- | 13.12.2023 |
| 6. | ਸ੍ਰ: ਗਿਆਨ ਸਿੰਘ ਮੁਲਤਾਨੀ,<br>ਮ.ਨੰ:42, ਸੈਕਟਰ 16-ਏ, ਚੰਡੀਗੜ੍ਹ। | 174 | 1100/- | 16.12.2023 |
| 7. | ਸ੍ਰ: ਅਮਰਜੀਤ ਸਿੰਘ ਮੁਲਤਾਨੀ<br>ਮ. ਨੰ: 42, ਸੈਕਟਰ 16-ਏ, ਚੰਡੀਗੜ੍ਹ। | 175 | 500/- | 16.12.2023 |
| 8. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ ਫ਼ਾਉਂਡੇਸ਼ਨ, ਚੰਡੀਗੜ੍ਹ। | 176 | 500/- | 16.12.2023 |
| 9. | ਸੂਬੇਦਾਰ ਮੇਜਰ ਅਮਰਜੀਤ ਸਿੰਘ<br>ਸਾਬਕਾ ਜਨਰਲ ਸਕੱਤਰ<br>ਐਚ.ਐਮ. 102, ਫ਼ੇਸ-3-ਬੀ-1, ਮੋਹਾਲੀ। | 177 | 200/- | 16.12.2023 |
| 10. | ਸ੍ਰ: ਐਚ.ਐਸ. ਘੋਤੜਾ<br>ਮ. ਨੰ: 11, ਸੈਕਟਰ 48-ਏ, ਸੰਗਮ ਏਨਕਲੇਵ, ਚੰਡੀਗੜ੍ਹ। | 178 | 200/- | 16.12.2023 |
| 11. | ਸ੍ਰ: ਮਨਜੀਤ ਸਿੰਘ ਲੁਬਾਣਾ, ਪ੍ਰਧਾਨ ਗੁਰੂ ਘਰ<br>ਮ. ਨੰ: 873, ਫ਼ੇਸ-10, ਮੋਹਾਲੀ। | 179 | 500/- | 16.12.2023 |
| 12. | ਸ੍ਰ: ਬਲਵਿੰਦਰ ਸਿੰਘ ਮੁਲਤਾਨੀ<br>ਮ. ਨੰ: 541, ਫ਼ੇਸ-3-ਏ, ਮੋਹਾਲੀ। | 180 | 500/- | 16.12.2023 |
| 13. | ਸ੍ਰ: ਰਵਿੰਦਰ ਸਿੰਘ<br>ਮ. ਨੰ: 2092, ਸੈਕਟਰ 45-ਸੀ, ਚੰਡੀਗੜ੍ਹ। | 181 | 200/- | 16.12.2023 |
| 14. | ਸ੍ਰ: ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ:)<br>ਵਾਈ-204, ਫਾਲਕਨ ਵਿਊ, ਸੈਕਟਰ 66-ਏ, ਮੋਹਾਲੀ। | 182 | 500/- | 16.12.2023 |
| 15. | ਸਰਦਾਰਨੀ ਰਨਜੀਤ ਕੌਰ<br>ਪਤਨੀ ਸ੍ਰ: ਨਰਿੰਦਰ ਸਿੰਘ, ਪੀ.ਈ.ਐਸ.(ਰਿਟਾ.),<br>ਮ. ਨੰ: 7113, ਸੈਕਟਰ-125, ਸਨੀ ਐਨਕਲੇਵ, ਮੋਹਾਲੀ। | 183 | 500/- | 16.12.2023 |

| | | | | |
|---|---|---|---|---|
| 16. | ਸ੍ਰ: ਨਿਰਮਲ ਸਿੰਘ<br>ਮ. ਨੰ: 2354, ਫ਼ੇਸ-10, ਮੋਹਾਲੀ। | 184 | 200/- | 16.12.2023 |
| 17. | ਸੂਬੇਦਾਰ ਮੇਜਰ ਜਸਪਾਲ ਸਿੰਘ, ਮੈਂਟੀਨੈਂਸ ਸਕੱਤਰ<br>ਮ. ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 185 | 200/- | 16.12.2023 |
| 18. | ਸ੍ਰ: ਸੁਰਿੰਦਰ ਸਿੰਘ<br>ਮ. ਨੰ: 527, ਫ਼ੇਸ-10, ਮੋਹਾਲੀ। | 186 | 500/- | 16.12.2023 |
| 19. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ<br>ਮ. ਨੰ: -3405, ਸੈਕਟਰ 40-ਡੀ, ਚੰਡੀਗੜ੍ਹ। | 187 | 200/- | 16.12.2023 |
| 20. | ਸਰਦਾਰਨੀ ਗੁਰਨਾਮ ਕੌਰ<br>ਪਿੰਡ ਧੀਨ, ਅੰਬਾਲਾ। | 188 | 500/- | 16.12.2023 |

*(ਟਿੱਪਣੀ : ਅਣਜਾਣੇ ਕਾਰਣ ਇਹ ਦਾਨ ਭੇਟਾਂ ਪਿਛਲੇ ਮਹੀਨੇ ਨਹੀ ਛਪ ਸਕੇ।)

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

**ਵੱਲੋਂ**

# ਨਵਾਂ ਸਾਲ - 2024

## ਦੀਆਂ ਸਮੂਹ ਪੰਜਾਬੀਆਂ ਨੂੰ ਮੁਬਾਰਕਾਂ !



ਸ. ਹਰਭਜਨ ਸਿੰਘ
ਪ੍ਰਧਾਨ



## ਸਵ. ਗਿਆਨ ਸਿੰਘ ਮੁਲਤਾਨੀ ਸਾਬਕਾ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਹੈੱਡਕੁਆਰਟਰ ਜਨਰਲ ਸਕੱਤਰ, ਵਿੱਤ ਸਕੱਤਰ ਅਤੇ ਕਾਰਜਕਾਰੀ ਮੈਂਬਰ ਦੀ ਅੰਤਿਮ ਅਰਦਾਸ ਮਿਤੀ 31-12-2023 ਸਮਾਗਮ ਦੀਆਂ ਝਲਕੀਆਂ







**ਸਵ. ਸ. ਗਿਆਨ ਸਿੰਘ ਮੁਲਤਾਨੀ**

ਜੀ ਦੀ ਅੰਤਿਮ ਅਰਦਾਸ ਮਿਤੀ 31-12-2023 ਸਮੇਂ ਪਰਿਵਾਰ ਵੱਲੋਂ ਫਾਊਂਡੇਸ਼ਨ ਨੂੰ 21000/- ਰੁਪਏ ਭੇਟ ਕੀਤੇ ਗਏ



**ਸਵ. ਮੇਜਰ ਸ. ਤਰਲੋਕ ਸਿੰਘ**

ਜੀ ਦੀ ਅੰਤਿਮ ਅਰਦਾਸ ਮਿਤੀ 07-01-2024 ਸਮੇਂ ਪਰਿਵਾਰ ਵੱਲੋਂ ਫਾਊਂਡੇਸ਼ਨ ਨੂੰ 21000/- ਰੁਪਏ ਭੇਟ ਕੀਤੇ ਗਏ

## ਉਸਾਰੀ ਸਬ ਕਮੇਟੀ ਭਾਈ ਲੱਖੀ ਸ਼ਾਹ ਬਲਾਕ, ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਦੀ ਮੀਟਿੰਗ ਮਿਤੀ 03-01-2024, ਅਰਦਾਸ ਉਪਰੰਤ ਉਸਾਰੀ ਸ਼ੁਰੂ ਕਰਨ ਲਈ ਜ਼ਮੀਨੀ ਟੱਕ ਲਾਉਣ ਦੀਆਂ ਝਲਕੀਆਂ









